# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 312 | 04/05/2026 | www.samajweekly.com | samajweekly | @samajweekly | samajweekly


# ਅਮਰੀਕਾ ਨਾਲ ਜੰਗ ਖ਼ਤਮ ਕਰਨ ਲਈ ਰਾਜ਼ੀ ਹੋਇਆ ਇਰਾਨ!

**ਨਵੀਂ ਦਿਲ਼ੀ।** ਮਿਡਲ ਈਸਟ 'ਚ ਜਾਰੀ ਜੰਗ ਦੇ ਤਣਾਅ ਦੇ ਵਿਚਾਲੇ ਇਰਾਨ ਨੇ ਅਮਰੀਕਾ ਨੂੰ ਗੱਲਬਾਤ ਦਾ ਇੱਕ ਨਵਾਂ ਪ੍ਰਸਤਾਵ ਭੇਜਿਆ ਹੈ। ਇਸ ਪ੍ਰਸਤਾਵ ਵਿੱਚ ਵਿਸ਼ਵ ਵਪਾਰ ਲਈ ਅਹਿਮ 'ਸਟ੍ਰੇਟ ਆਫ ਹੋਰਮੁਜ਼' ਨੂੰ ਦੁਬਾਰਾ ਖੋਲ੍ਹਣ ਅਤੇ ਖੇਤਰ ਵਿੱਚ ਸ਼ਾਂਤੀ ਬਹਾਲ ਕਰਨ ਦੀ ਗੱਲ ਕਹੀ ਗਈ ਹੈ। ਇਰਾਨ ਨੇ ਇਹ ਪ੍ਰਸਤਾਵ ਦੋ ਪੜਾਵਾਂ ਵਿੱਚ ਰੱਖਿਆ ਹੈ। ਇਰਾਨ ਨੇ ਪ੍ਰਸਤਾਵ ਦੇ ਪਹਿਲੇ ਪੜਾਅ 'ਚ ਕਿਹਾ ਹੈ ਕਿ ਤੁਰੰਤ ਜੰਗਬੰਦੀ ਕੀਤੀ ਜਾਵੇ ਅਤੇ ਅਮਰੀਕੀ ਜਲ ਸੈਨਾ ਵੱਲੋਂ ਹੋਰਮੁਜ਼ 'ਤੇ ਕੀਤੀ ਗਈ ਨਾਕਾਬੰਦੀ ਨੂੰ ਪੂਰੀ ਤਰ੍ਹਾਂ ਹਟਾਇਆ ਜਾਵੇ। ਇਸ ਤੋਂ ਬਾਅਦ ਇਜ਼ਰਾਈਲ ਅਤੇ ਲਿਬਨ-ਾਨ ਵਿੱਚ ਚੱਲ ਰਹੀ ਜੰਗ ਨੂੰ ਸਥਾਈ ਤੌਰ 'ਤੇ ਖ਼ਤਮ ਕਰਨ ਲਈ ਇੱਕ ਠੋਸ ਸਮਝੌਤੇ 'ਤੇ ਦਸਤਖਤ ਕੀਤੇ ਜਾਣ। ਜੇਕਰ ਇਹ ਸ਼ਰਤਾਂ ਪੂਰੀਆਂ ਹੁੰਦੀਆਂ ਹਨ, ਤਾਂ ਇਰਾਨ ਹੋਰਮੁਜ਼ ਦੇ ਰਸਤੇ ਨੂੰ ਦੁਬਾਰਾ ਖੋਲ੍ਹਣ ਲਈ ਤਿਆਰ ਹੈ। ਜੇਕਰ ਪਹਿਲਾ ਪੜਾਅ ਸਫ਼ਲ ਰਹਿੰਦਾ ਹੈ ਅਤੇ ਖੇਤਰ ਵਿੱਚ ਸਥਿਰਤਾ ਆਉਂਦੀ ਹੈ, ਤਾਂ ਇਰਾਨ ਦੂਜੇ ਪੜਾਅ ਦੌਰਾਨ ਅਗਲੇ ਇੱਕ ਮਹੀਨੇ ਵਿੱਚ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਗੰਭੀਰ ਗੱਲਬਾਤ ਕਰਨ ਲਈ





ਤਿਆਰ ਹੈ। ਇਰਾਨ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਨਾ ਸਿਰਫ਼ ਖੇਤਰ ਵਿੱਚ ਸ਼ਾਂਤੀ ਆਵੇਗੀ, ਸਗੋਂ ਗਲੋਬਲ ਤੇਲ ਸਪਲਾਈ ਵਿੱਚ ਆ ਰਹੀਆਂ ਰੁਕਾਵਟਾਂ ਵੀ ਦੂਰ ਹੋਣਗੀਆਂ। ਹੋਰਮੁਜ਼ ਦਾ ਰਸਤਾ ਬੰਦ ਹੋਣ ਕਾਰਨ ਦੁਨੀਆ ਭਰ ਵਿੱਚ ਤੇਲ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਗਈਆਂ ਹਨ। ਹਾਲੇ ਤੱਕ ਅਮਰੀਕਾ ਵੱਲੋਂ ਇਸ ਪ੍ਰਸਤਾਵ 'ਤੇ ਕੋਈ ਅਧਿਕਾਰਤ ਬਿਆਨ ਸਾਹਮਣੇ ਨਹੀਂ ਆਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਇਸ ਪਹਿਲ ਨੂੰ ਸਵੀਕਾਰ ਕਰਦਾ ਹੈ, ਤਾਂ ਇਹ ਪੱਛਮੀ ਏਸ਼ੀਆ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਤਣਾਅ ਨੂੰ ਘੱਟ ਕਰਨ ਦੀ ਦਿਸ਼ਾ ਵਿੱਚ ਇੱਕ ਇਤਿਹਾਸਕ ਕਦਮ ਹੋ ਸਕਦਾ ਹੈ।

# ਪੰਜ ਵਿਧਾਨ ਸਭਾਵਾਂ ਦੇ ਚੋਣ ਨਤੀਜੇ ਅੱਜ

**ਨਵੀਂ ਦਿੱਲੀ/ਕੋਲਕਾਤਾ/ਚੇਨਈ,** ਚਾਰ ਸੂਬਿਆਂ ਪੱਛਮੀ ਬੰਗਾਲ, ਤਾਮਿਲ ਨਾਡੂ, ਅਸਾਮ ਤੇ ਕੇਰਲਾ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ ’ਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਅੱਜ ਐਲਾਨੇ ਜਾਣਗੇ। ਖੇਤਰੀ ਪਾਰਟੀਆਂ ਤ੍ਰਿਣਮੂਲ ਕਾਂਗਰਸ ਅਤੇ ਡੀ ਐੱਮ ਕੇ ਦੇ ਨਾਲ ਨਾਲ ਭਾਜਪਾ, ਕਾਂਗਰਸ ਅਤੇ ਖੱਬੇ ਪੱਖੀ ਧਿਰਾਂ ਦੀ ਸਾਖ਼ ਵੀ ਦਾਅ ’ਤੇ ਲੱਗੀ ਹੋਈ ਹੈ। ਵੋਟਾਂ ਦੀ ਗਿਣਤੀ ਸਵੇਰੇ 8 ਵਜੇ ਸ਼ੁਰੂ ਹੋਵੇਗੀ। ਸਭ ਤੋਂ ਪਹਿਲਾਂ ਡਾਕ ਰਾਹੀਂ ਮਿਲੀਆਂ ਵੋਟਾਂ ਗਿਣੀਆਂ ਜਾਣਗੀਆਂ। ਸਾਰੇ ਗਿਣਤੀ ਕੇਂਦਰਾਂ ’ਤੇ ਤਿੰਨ ਪਰਤੀ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਚੋਣ ਕਮਿਸ਼ਨ ਨੇ ਪਹਿਲੀ ਵਾਰ ਕਿਊ ਆਰ ਕੋਡ ਆਧਾਰਿਤ ਫੋਟੋ ਸ਼ਨਾਖ਼ਤੀ ਕਾਰਡ ਪ੍ਰਣਾਲੀ ਸ਼ੁਰੂ ਕੀਤੀ ਹੈ ਤਾਂ ਕਿ ਗਿਣਤੀ ਕੇਂਦਰਾਂ ਅੰਦਰ ਕਿਸੇ ਅਣਅਧਿਕਾਰਤ ਵਿਅਕਤੀ ਦੇ ਦਾਖ਼ਲੇ ਨੂੰ ਰੋਕਿਆ ਜਾ ਸਕੇ। ਇਸ ਦੇ ਨਾਲ ਅੱਠ ਸੀਟਾਂ ਗੋਆ ਦੀ




ਪੋਂਡਾ, ਕਰਨਾਟਕ ਦੀਆਂ ਬਾਗਲਕੋਟ ਤੇ ਦਾਵਨਾਗਰੇ ਦੱਖਣ, ਨਾਗਾਲੈਂਡ ਦੀ ਕੋਰੀਦਾਂਗ, ਤ੍ਰਿਪੁਰਾ ਦੀ ਧਰਮਨਗਰ, ਗੁਜਰਾਤ ਦੀ ਉਮਰੇਠ ਅਤੇ ਮਹਾਰਾਸ਼ਟਰ ਦੀ ਰਾਹੂਰੀ ਤੇ ਬਾਰਾਮਤੀ ’ਤੇ ਜ਼ਿਮਨੀ ਚੋਣਾਂ ਦੇ ਨਤੀਜੇ ਵੀ ਵੋਟਾਂ ਦੀ ਗਿਣਤੀ ਪਿੱਛੋਂ ਐਲਾਨੇ ਜਾਣਗੇ। ਪੱਛਮੀ ਬੰਗਾਲ ’ਚ 293 ਸੀਟਾਂ ਲਈ 77 ਕੇਂਦਰਾਂ ’ਤੇ ਗਿਣਤੀ ਹੋਵੇਗੀ ਜਿਥੇ ਇਸ ਵਾਰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਕਿਉਂਕਿ ਹੁਕਮਰਾਨ ਤ੍ਰਿਣਮੂਲ ਕਾਂਗਰਸ ਅਤੇ ਵਿਰੋਧੀ ਧਿਰ ਭਾਜਪਾ ਨੇ ਵੋਟਾਂ ਦੀ ਗਿਣਤੀ ਸਮੇਂ ਗੜਬੜ ਹੋਣ ਦੇ ਖ਼ਦਸ਼ੇ ਜਤਾਏ ਹਨ। ਚੋਣ ਕਮਿਸ਼ਨ ਨੇ 165 ਵਾਧੂ ਗਿਣਤੀ ਨਿਗਰਾਨ ਅਤੇ 77 ਪੁਲੀਸ ਨਿਗਰਾਨ ਤਾਇਨਾਤ ਕੀਤੇ ਹਨ; ਹਾਲਾਂਕਿ ਸੂਬੇ ’ਚ ਕੁੱਲ 432 ਗਿਣਤੀ ਨਿਗਰਾਨ ਲਾਏ ਗਏ ਹਨ। ਦੱਖਣੀ 24 ਪਰਗਣਾ ਜ਼ਿਲ੍ਹੇ ਦੇ ਹਲਕੇ ਫਾਲਤਾ ’ਚ ਗੰਭੀਰ ਚੋਣ ਗੜਬੜਾਂ ਮਿਲਣ ਕਾਰਨ ਉਥੇ 21 ਮਈ ਨੂੰ ਮੁੜ ਚੋਣ ਕਰਵਾਈ ਜਾਵੇਗੀ।

ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਹੇਠਲੀ ਤ੍ਰਿਣਮੂਲ ਕਾਂਗਰਸ ਨੇ ਲਗਾਤਾਰ ਚੌਥੀ ਵਾਰ ਸੱਤਾ ’ਚ ਆਉਣ ਲਈ ਵਾਹ ਲਾਈ ਹੈ ਜਦਕਿ ਭਾਜਪਾ ਨੇ ਉਸ ਨੂੰ ਸਖ਼ਤ ਟੱਕਰ ਦਿੱਤੀ ਹੈ। ਹਮਾਯੂੰ ਕਬੀਰ ਦੀ ਏ ਜੇ ਯੂ ਪੀ ਅਤੇ ਅਸਦੂਦੀਨ ਓਵਾਇਸੀ ਦੀ ਏ ਆਈ ਐੱਮ ਆਈ ਐੱਮ ਵੀ ਆਪਣੀ ਕਿਸਮਤ ਆਜ਼ਮਾ ਰਹੀਆਂ ਹਨ। ਉਧਰ ਅਸਾਮ ’ਚ ਭਾਜਪਾ ਦੀ ਅਗਵਾਈ ਹੇਠਲੇ ਐੱਨ ਡੀ ਏ ਨੂੰ ਸੂਬੇ ’ਚ ਹੈਟ੍ਰਿਕ ਲਗਾਉਣ ਦੀ ਆਸ ਹੈ। ਉਂਜ ਕਾਂਗਰਸ ਨੇ ਸੂਬਾ ਪ੍ਰਧਾਨ ਗੌਰਵ ਗੋਗੋਈ ਦੀ ਅਗਵਾਈ ਹੇਠ ਪੂਰੀ ਜ਼ੋਰ ਅਜ਼ਮਾਈ ਕੀਤੀ ਹੈ। ਕੇਰਲਾ ’ਚ ਕਾਂਗਰਸ ਦੀ ਅਗਵਾਈ ਹੇਠਲੇ ਯੂ ਡੀ ਐੱਫ ਨੂੰ ਸਰਕਾਰ ਬਣਾਉਣ ਦੀ ਆਸ ਹੈ ਪਰ ਲੈਫਟ ਡੈਮੋਕਰੈਟਿਕ ਫਰੰਟ ਦੋ ਵਾਰ ਤੋਂ ਸੱਤਾ ’ਚ ਹੈ। ਭਾਜਪਾ ਦੀ ਅਗਵਾਈ ਹੇਠਲਾ ਐੱਨ ਡੀ ਏ ਸੂਬੇ ’ਚ ਪੈਰ ਪਸਾਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਤਾਮਿਲ ਨਾਡੂ ’ਚ ਹੁਕਮਰਾਨ ਡੀ ਐੱਮ ਕੇ ਨੂੰ ਲਗਾਤਾਰ ਦੂਜੀ ਵਾਰ ਸੱਤਾ ’ਚ ਆਉਣ ਦੀ ਉਮੀਦ ਹੈ। ਅੰਨਾ ਡੀ ਐੱਮ ਕੇ ਦੀ ਅਗਵਾਈ ਹੇਠ ਭਾਜਪਾ ਵੀ ਚੁਣੌਤੀ ਦੇ ਰਹੀ ਹੈ। ਅਦਾਕਾਰ-ਸਿਆਸਤਦਾਨ ਵਿਜੈ ਦੀ ਅਗਵਾਈ ਹੇਠਲੀ ਟੀ ਵੀ ਕੇ ’ਤੇ ਵੀ ਸਾਰਿਆਂ ਦੀਆਂ ਨਜ਼ਰਾਂ ਹਨ। ਪੁੱਡੂਚੇਰੀ ’ਚ ਹੁਕਮਰਾਨ ਐੱਨ ਡੀ ਏ ਨੂੰ ਕਾਂਗਰਸ ਦੀ ਅਗਵਾਈ ਹੇਠਲੇ ‘ਇੰਡੀਆ’ ਗੱਠਜੋੜ ਤੋਂ ਟੱਕਰ ਮਿਲਣ ਦੀ ਸੰਭਾਵਨਾ ਹੈ।

# ਪੰਜਾਬ ਅਤੇ ਚੰਡੀਗੜ੍ਹ ਵਿੱਚ ਮੀਂਹ ਅਤੇ ਤੂਫਾਨ ਨਾਲ ਟੁੱਟੇ ਦਰੱਖ਼ਤ, ਕਈ ਥਾਈਂ ਬਿਜਲੀ ਗੁੱਲ

## ਵਾਹਨਾਂ 'ਤੇ ਡਿੱਗੇ ਦਰੱਖਤ, 8 ਜ਼ਿਲ੍ਹਿਆਂ ਲਈ ਅਲਰਟ

**ਚੰਡੀਗੜ੍ਹ।** ਅੱਜ ਸਵੇਰੇ ਪੰਜਾਬ ਅਤੇ ਚੰਡੀਗੜ੍ਹ ਵਿੱਚ ਮੌਸਮ ਅਚਾਨਕ ਬਦਲ ਗਿਆ। ਸਵੇਰ ਵੇਲੇ ਹੀ ਅਚਾਨਕ ਘੁੱਪ ਹਨੇਰਾ ਛਾ ਗਿਆ। ਕਾਲੇ ਬੱਦਲਾਂ ਕਾਰਨ ਕੁਝ ਸਮੇਂ ਲਈ ਅਜਿਹਾ ਮਾਹੌਲ ਬਣ ਗਿਆ ਜਿਵੇਂ ਰਾਤ ਹੋ ਗਈ ਹੋਵੇ। ਚੰਡੀਗੜ੍ਹ, ਜਲੰਧਰ, ਲੁਧਿਆਣਾ ਅਤੇ ਮੋਹਾਲੀ ਸਮੇਤ ਕਈ ਇਲਾਕਿਆਂ ਵਿੱਚ ਭਾਰੀ ਮੀਂਹ ਪਿਆ। ਮੋਹਾਲੀ, ਚੰਡੀਗੜ੍ਹ ਅਤੇ ਜਲੰਧਰ ਦਿਨ ਵੇਲੇ ਹਨੇਰੇ ਵਿੱਚ ਡੁੱਬ ਗਏ। ਇਥੇ ਤੇਜ਼ ਹਨੇਰੀ ਚੱਲ ਰਹੀ ਹੈ, ਅਤੇ ਕਈ ਇਲਾਕਿਆਂ ਵਿੱਚ ਬਿਜਲੀ ਗੁੱਲ ਹੈ। ਮੋਹਾਲੀ ਦੇ ਫੇਜ਼ 6 ਵਿੱਚ, ਤੂਫਾਨ ਕਾਰਨ ਦਰੱਖਤ ਡਿੱਗਣ ਨਾਲ ਕਈ ਕਾਰਾਂ ਨੂੰ ਨੁਕਸਾਨ ਪਹੁੰਚਿਆ। ਹਵਾਵਾਂ ਇੰਨੀਆਂ ਤੇਜ਼ ਕਿ ਛੱਤਾਂ 'ਤੇ ਲੱਗੀਆਂ ਪਾਣੀਆਂ ਵਾਲੀਆਂ ਟੈਂਕੀਆਂ ਵੀ ਉੱਡ ਗਈਆਂ। ਫਰੀਦਕੋਟ ਦੇ ਕੋਟਕਪੂਰਾ ਦੀ ਪੁਰਾਣੀ ਅਨਾਜ ਮੰਡੀ ਵਿੱਚ ਜਾਗਰਣ ਲਈ ਲਗਾਏ ਗਏ ਟੈਂਟ



ਡਿੱਗ ਗਏ। ਚੰਡੀਗੜ੍ਹ ਦੇ ਸੈਕਟਰ 43 ਵਿੱਚ ਵੀ ਵਾਹਨਾਂ 'ਤੇ ਦਰੱਖਤ ਡਿੱਗ ਪਏ। ਮੌਸਮ ਵਿਭਾਗ ਦੇ ਅਨੁਸਾਰ ਇਹ ਬਦਲਾਅ ਪੱਛਮੀ ਗੜਬੜੀ ਦੇ ਅਸਰ ਕਾਰਨ ਆਇਆ ਹੈ ਅਤੇ ਅਗਲੇ ਕੁਝ ਘੰਟਿਆਂ ਦੌਰਾਨ ਹੋਰ ਮੀਂਹ ਪੈਣ ਦੀ ਸੰਭਾਵਨਾ ਹੈ। ਵਿਭਾਗ ਨੇ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਬਿਨਾਂ ਲੋੜ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਹੈ। ਇਸ ਅਚਾਨਕ ਮੌਸਮੀ ਤਬਦੀਲੀ ਨਾਲ ਤਾਪਮਾਨ ਵਿਚ ਵੀ ਗਿਰਾਵਟ ਦਰਜ ਕੀਤੀ ਗਈ, ਜਿਸ ਨਾਲ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਹੈ, ਪਰ ਨਾਲ ਹੀ ਮੀਂਹ ਨੇ ਰੋਜ਼ਮਰਾ ਦੀ ਜ਼ਿੰਦਗੀ ‘ਤੇ ਅਸਰ ਵੀ ਪਾਇਆ ਹੈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, ਅੱਜ ਅੱਠ ਜ਼ਿਲ੍ਹਿਆਂ ਵਿੱਚ ਬਿਜਲੀ ਗਰਜ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਇਸ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ ਅਤੇ ਰੂਪਨਗਰ ਸ਼ਾਮਲ ਹਨ। ਇੱਥੇ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਵੀ ਉਮੀਦ ਹੈ। ਮੌਸਮ ਵਿਭਾਗ ਅਨੁਸਾਰ 8 ਮਈ ਤੱਕ ਮੌਸਮ ਇਸੇ ਤਰ੍ਹਾਂ ਰਹੇਗਾ।

# ਨੇਪਾਲ ਨੂੰ ਲਿਪੁਲੇਖ ਰਾਹੀਂ ਯਾਤਰਾ ’ਤੇ ਇਤਰਾਜ਼

**ਨਵੀਂ ਦਿੱਲੀ।** ਨੇਪਾਲ ਨੇ ਉੱਤਰਾਖੰਡ ਦੇ ਲਿਪੁਲੇਖ ਰਾਹੀਂ ਪ੍ਰਸਤਾਵਿਤ ਕੈਲਾਸ਼ ਮਾਨ-ਸਰੋਵਰ ਯਾਤਰਾ ਦੇ ਰੂਟ ’ਤੇ ਰਸਮੀ ਤੌਰ 'ਤੇ ਇਤਰਾਜ਼ ਜਤਾਇਆ ਹੈ। ਨੇਪਾਲ ਨੇ ਭਾਰਤ ਅਤੇ ਚੀਨ ਦੋਵਾਂ ਕੋਲ ਆਪਣਾ ਕੂਟਨੀਤਕ ਵਿਰੋਧ ਦਰਜ ਕਰਵਾਉਂਦਿਆਂ ਦਾਅਵਾ ਕੀਤਾ ਹੈ ਕਿ ਲਿਪੁਲੇਖ ਅਤੇ ਇਸ ਦੇ ਆਸ-ਪਾਸ ਦੇ ਇਲਾਕੇ ਉਸ ਦੀ ਖੇਤਰੀ ਹੱਦ ਵਿੱਚ ਆਉਂਦੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਐਤਵਾਰ ਰਾਤ ਨੂੰ ਇਸ ਦਾ ਜਵਾਬ ਦਿੰਦਿਆਂ ਕਿਹਾ ਕਿ ਨੇਪਾਲ ਦੇ ਇਹ



ਦਾਅਵੇ ਖੇਤਰ ਦਾ ਇੱਕਪਾਸੜ 'ਬਨਾਵਟੀ ਵਿਸਥਾਰ' ਹਨ ਅਤੇ ਇਹ ਬਿਲਕੁਲ ਵੀ ਸਵੀਕਾਰ ਕਰਨ ਯੋਗ ਨਹੀਂ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਭਾਰਤ ਲਗਾਤਾਰ ਇਹ ਕਹਿੰਦਾ ਆ ਰਿਹਾ ਹੈ ਕਿ ਨੇਪਾਲ ਦੇ ਅਜਿਹੇ ਦਾਅਵੇ ਨਾ ਤਾਂ ਜਾਇਜ਼ ਹਨ ਅਤੇ ਨਾ ਹੀ ਇਤਿਹਾਸਕ ਤੱਥਾਂ ਜਾਂ ਸਬੂਤਾਂ 'ਤੇ ਆਧਾਰਿਤ ਹਨ।" ਨੇਪਾਲ ਦੇ ਵਿਦੇਸ਼ ਮੰਤਰਾਲੇ ਨੇ ਆਪਣੇ ਵਿਰੋਧ ਵਿੱਚ ਕਿਹਾ ਹੈ ਕਿ 1816 ਦੀ ਸੁਗੌਲੀ ਸੰਧੀ ਅਨੁਸਾਰ ਲਿੰਪੀਆਧੁਰਾ, ਲਿਪੁਲੇਖ ਅਤੇ ਕਾਲਾਪਾਣੀ ਨੇਪਾਲ ਦਾ ਅਨਿੱਖੜਵਾਂ ਅੰਗ ਹਨ। ਨੇਪਾਲੀ ਵਿਦੇਸ਼ ਮੰਤਰੀ ਸ਼ਿਸ਼ਿਰ ਖਨਾਲ ਨੇ ਦੱਸਿਆ ਕਿ ਇਹ ਕਦਮ ਸਿਆਸੀ ਪਾਰਟੀਆਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਚੁੱਕਿਆ ਗਿਆ ਹੈ ਅਤੇ ਨੇਪਾਲ ਦੇ ਅਧਿਕਾਰਤ ਪੱਖ ਤੋਂ ਭਾਰਤ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ।

# ਅਗਲੇ 3 ਮਹੀਨਿਆਂ ਲਈ ਭਾਰਤ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਲਈ ਕਈ ਫ਼ਲਾਈਟਾਂ ਰੱਦ

**ਨਵੀਂ ਦਿੱਲੀ :** ਭਾਰਤ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਲਈ ਅਗਲੇ ਤਿੰਨ ਮਹੀਨਿਆਂ ਲਈ ਕਈ ਫ਼ਲਾਈਟਾਂ ਰੱਦ ਕੀਤੀਆਂ ਗਈਆਂ ਹਨ । ਏਅਰ ਇੰਡੀਆ ਨੇ ਮਈ ਤੋਂ ਜੁਲਾਈ 2026 ਤਕ ਕਈ ਫ਼ਲਾਈਟਾਂ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ। ਇਰਾਨ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਧਣ ਤੋਂ ਬਾਅਦ ਏਅਰ ਇੰਡੀਆ ਨੇ ਲਗਭਗ 100 ਉਡਾਣਾਂ ਘਟਾ ਦਿਤੀਆਂ। ਏਅਰਲਾਈਨ ਦੇ ਸੀ.ਈ.ਓ. ਦਾ ਕਹਿਣਾ ਹੈ ਕਿ ਜਹਾਜ਼ ਦੀ ਤੇਲ ਕੀਮਤ ਵਿਚ ਭਾਰੀ ਵਾਧਾ ਅਤੇ ਭਾਰਤ ਦੇ ਗੁਆਂਢ ’ਚ ਹਵਾਈ ਖੇਤਰ ਬੰਦ ਹੋਣ ਕਾਰਨ ਬਹੁਤ ਸਾਰੀਆਂ ਕੌਮਾਂਤਰੀ ਉਡਾਣਾਂ ਚਲਾਉਣਾ ਗ਼ੈਰ-ਲਾਭਕਾਰੀ ਹੋ ਗਿਆ ਹੈ। ਭਾਰਤ, ਅਮਰੀਕਾ ਅਤੇ ਯੂਰਪ ਦੀਆਂ ਮੁੱਖ ਏਅਰਲਾਈਨਜ਼ ਨੇ ਅਪਣੇ ਸੰਚਾਲਨ ਖ਼ਰਚੇ ਘਟਾਉਣ ਲਈ ਉਡਾਣਾਂ ’ਚ ਕਟੌਤੀ ਅਤੇ ਸ਼ਡਿਊਲ ਵਿਚ ਬਦਲਾਅ ਕਰਨਾ ਸ਼ੁਰੂ ਕਰ ਦਿਤਾ ਹੈ। ਕਈ ਲੰਬੀ ਦੂਰੀ ਦੇ ਰੂਟ ਹੁਣ ਵਪਾਰਕ ਤੌਰ ’ਤੇ ਘਾਟੇ ਦਾ ਸੌਦਾ ਸਾਬਤ ਹੋ ਰਹੇ ਹਨ। ਭਾਰਤ ਦੀ ਮੁੱਖ ਏਅਰਲਾਈਨ ਏਅਰ ਇੰਡੀਆ



ਨੇ ਜੂਨ ਅਤੇ ਜੁਲਾਈ ਦੌਰਾਨ ਅਪਣੀਆਂ ਕਈ ਕੌਮਾਂਤਰੀ ਸੇਵਾਵਾਂ ਘਟਾਉਣ ਦਾ ਫ਼ੈਸਲਾ ਕੀਤਾ ਹੈ। ਜਾਣਕਾਰੀ ਮੁਤਾਬਕ ਕੰਪਨੀ ਰੋਜ਼ਾਨਾ ਲਗਭਗ 100 ਉਡਾਣਾਂ ਦੀ ਕਟੌਤੀ ਕਰਨ ਜਾ ਰਹੀ ਹੈ, ਜੋ ਕਿ ਉਸ ਦੇ ਕੁਲ ਸ਼ਡਿਊਲ ਦਾ 10% ਹੈ। ਇਸ ਦਾ ਸੱਭ ਤੋਂ ਵੱਧ ਅਸਰ ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਜਾਣ ਵਾਲੇ ਰੂਟਾਂ ’ਤੇ ਪਵੇਗਾ। ਏਅਰ ਇੰਡੀਆ ਦਾ ਕਹਿਣਾ ਹੈ ਕਿ ਉਹ ਹਰ ਪੰਦਰਵਾੜੇ ਕਟੌਤੀਆਂ ਦੀ ਸਮੀਖਿਆ ਕਰੇਗਾ। ਜੇ ਪਛਮੀ ਸੰਕਟ ਘੱਟ ਜਾਂਦਾ ਹੈ ਤਾਂ ਰੱਦ ਕੀਤੀਆਂ ਫਲਾਈਟਾਂ ਮੁੜ ਬਹਾਲ ਕੀਤੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ, ਦੇਸ਼ ਦੀ ਸੱਭ ਤੋਂ ਵੱਡੀ ਏਅਰਲਾਈਨ ਇੰਡੀਗੋ ਨੇ ਵੀ ਮਈ ਮਹੀਨੇ ਲਈ ਅਪਣੀ ਕੌਮਾਂਤਰੀ ਸਮਰੱਥਾ ’ਚ 17% ਦੀ ਕਮੀ ਕੀਤੀ ਹੈ। ਤੇਲ ਦੀਆਂ ਕੀਮਤਾਂ ਅਤੇ ਕਰਜ਼ੇ ਦੇ ਬੋਝ ਕਾਰਨ ਅਮਰੀਕਾ ਦੀ ਸਪਿਰਿਟ ਏਅਰਲਾਈਨਜ਼ ਨੇ 34 ਸਾਲਾਂ ਬਾਅਦ ਅਪਣਾ ਕੰਮਕਾਜ ਪੂਰੀ ਤਰ੍ਹਾਂ ਬੰਦ ਕਰ ਦਿਤਾ ਹੈ। ਯੂਰਪ ਵਿਚ ਏਅਰ ਫਰਾਂਸ-ਕੇਐਲਐਮ ਅਤੇ ਲੁਫਥਾਂਸਾ’ ਵਰਗੀਆਂ ਦਿੱਗਜ ਕੰਪਨੀਆਂ ਵੀ ਅਪਣੇ ਖ਼ਰਚਿਆਂ ਅਤੇ ਰੂਟਾਂ ਦੀ ਸਮੀਖਿਆ ਕਰ ਰਹੀਆਂ ਹਨ। ਏਸ਼ੀਆ-ਪ੍ਰਸ਼ਾਂਤ ਖੇਤਰ ਵਿਚ ਏਅਰ ਏਸ਼ੀਆ ਅਤੇ ਕੈਥੇ ਪੈਸੀਫਿਕ ਨੇ ਵੀ ਉਡਾਣਾਂ ਦੀ ਗਿਣਤੀ ਘਟਾ ਦਿਤੀ ਹੈ। ਤੇਲ ਦੀਆਂ ਕੀਮਤਾਂ ਵਧਣ ਕਾਰਨ ਘਰੇਲੂ ਹਵਾਈ ਕਿਰਾਇਆ 15-20% ਤਕ ਵਧ ਗਿਆ ਹੈ, ਜਦੋਂਕਿ ਕੌਮਾਂਤਰੀ ਕਿਰਾਇਆਂ ’ਚ ਇਸ ਤੋਂ ਵੀ ਵੱਡਾ ਉਛਾਲ ਵੇਖਣ ਨੂੰ ਮਿਲ ਰਿਹਾ ਹੈ। ਭਾਰਤ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਲਈ ਕਈ ਫ਼ਲਾਈਟਾਂ ਰੱਦ ਕਰਨ ਦਾ ਸੱਭ ਤੋਂ ਵੱਧ ਅਸਰ ਭਾਰਤੀਆਂ ਖ਼ਾਸਕਰ ਪੰਜਾਬੀਆਂ ਉਤੇ ਪਵੇਗਾ, ਕਿਉਂਕਿ ਵੱਡੀ ਗਿਣਤੀ ਵਿਚ ਪੰਜਾਬੀ ਇਨ੍ਹਾਂ ਮੁਲਕਾਂ ਵਿਚ ਵੱਸੇ ਹੋਏ ਹਨ, ਜੋ ਇਨ੍ਹਾਂ ਮਹੀਨਿਆਂ ਵਿਚ ਬੱਚਿਆਂ ਨੂੰ ਸਕੂਲੀ ਛੁੱਟੀਆਂ ਹੋਣ ਕਾਰਨ ਅਕਸਰ ਆਪਣਿਆਂ ਨੂੰ ਮਿਲਣ ਲਈ ਵਿਦੇਸ਼ਾਂ ਤੋਂ ਆਉਂਦੇ-ਜਾਂਦੇ ਰਹਿੰਦੇ ਹਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਬੁੱਢੇ ਨਾਲੇ 'ਚ ਅਜੇ ਵੀ ਰੋਜ਼ਾਨਾ ਸੁੱਟਿਆ ਜਾ ਰਿਹਾ 80 ਟਨ ਗੋਹਾ : ਸੀਚੇਵਾਲ

**ਚੰਡੀਗੜ੍ਹ।** ਰਾਜ ਸਭਾ ਮੈਂਬਰ ਅਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਐਤਵਾਰ ਨੂੰ ਕਿਹਾ ਕਿ ਅਬੋਹਰ ਖੇਤਰ ਵਿੱਚ ਆਉਣ ਵਾਲਾ ਨਹਿਰੀ ਪਾਣੀ ਲੁਧਿਆਣਾ ਦੇ ਬੁੱਢੇ ਨਾਲੇ, ਜਲੰਧਰ ਦੀ ਚਿੱਟੀ ਵੇਈਂ, ਕਾਲਾ ਸੰਘਿਆ ਅਤੇ ਜਮਸ਼ੇਰ ਡਰੇਨ ਦੇ ਗੰਦੇ ਤੇ ਜ਼ਹਿਰੀਲੇ ਪਾਣੀ ਕਾਰਨ ਪ੍ਰਦੂਸ਼ਿਤ ਹੈ। ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਕਿ 79 ਡੇਅਰੀਆਂ ਦਾ ਗੰਦਾ ਪਾਣੀ ਬੁੱਢੇ ਨਾਲੇ ਵਿੱਚ ਪੈਣ ਤੋਂ ਰੋਕਣ ਨਾਲ ਪਾਣੀ ਪਹਿਲਾਂ ਨਾਲੋਂ ਕਾਫੀ ਸਾਫ਼ ਹੋਇਆ ਹੈ। ਸੀਚੇਵਾਲ ਮੁਤਾਬਕ ਪਹਿਲਾਂ ਬੁੱਢੇ ਨਾਲੇ ਵਿੱਚ ਰੋਜ਼ਾਨਾ 650 ਟਨ ਗੋਹਾ ਸੁੱਟਿਆ ਜਾਂਦਾ ਸੀ, ਪਰ ਹੁਣ ਪ੍ਰਬੰਧ ਸੁਧਰਨ ਤੋਂ ਬਾਅਦ ਇਹ ਘਟ ਕੇ 80 ਟਨ ਰਹਿ ਗਿਆ ਹੈ, ਜਿਸ ਨੂੰ ਪੂਰੀ ਤਰ੍ਹਾਂ ਰੋਕਣ ਦੇ ਯਤਨ ਜਾਰੀ ਹਨ। ਸੀਚੇਵਾਲ ਪਿੰਡ ਭੰਗਾਲਾ ਦੇ ਸਰਕਾਰੀ ਮਿਡਲ ਸਕੂਲ ਦੇ ਮੁੱਖ ਅਧਿਆਪਕ ਦਿਲੀਪ ਭਾਂਬੂ ਦੀ ਸੇਵਾਮੁਕਤੀ 'ਤੇ ਕਰਵਾਏ ਗਏ ਸਮਾਗਮ ਵਿੱਚ ਸ਼ਾਮਲ ਹੋਣ ਲਈ ਅਬੋਹਰ ਪੁੱਜੇ ਸਨ। ਸੀਚੇਵਾਲ ਨੇ ਕਿਹਾ ਕਿ ਸ਼ਾਂਤਮਈ ਅਤੇ ਸਿਹਤਮੰਦ ਸਮਾਜ ਸਿਰਜਣ ਵਿੱਚ ਅਧਿਆਪਨ ਕਿੱਤੇ ਦਾ ਸਭ ਤੋਂ ਵੱਡਾ ਹੱਥ ਹੁੰਦਾ ਹੈ। ਸਮਾਜ ਨੂੰ ਨਵੀਂ ਸੇਧ ਦੇਣ ਅਤੇ ਇਸ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਣ ਦੀ ਮੁੱਖ ਜ਼ਿੰਮੇਵਾਰੀ ਵੀ ਅਧਿਆਪਕ ਦੇ ਮੋਢਿਆਂ 'ਤੇ ਹੁੰਦੀ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਦਿਲੀਪ ਸਿੰਘ ਹਮੇਸ਼ਾ ਵਾਤਾਵਰਣ ਦੀ ਸੰਭਾਲ ਵਿੱਚ ਦਿਲਚਸਪੀ ਰੱਖਦੇ ਆਏ ਹਨ। ਉਹ ਬਾਬਾ ਨਾਨਕ ਦੀ ਪਵਿੱਤਰ ਵੇਈਂ ਦੇ ਦਰਸ਼ਨ ਕਰਨ ਲਈ ਅਕਸਰ ਸੁਲਤਾਨਪੁਰ ਲੋਧੀ ਆਉਂਦੇ ਸਨ ਅਤੇ ਆਪਣੇ ਨਾਲ ਸਕੂਲੀ ਬੱਚਿਆਂ ਨੂੰ ਵੀ ਲਿਆਉਂਦੇ ਸਨ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਗੁਰੂਗ੍ਰਾਮ ਵਿੱਚ ਪਤੀ ਨੇ ਪਤਨੀ ਤੇ ਚਾਰ ਬੱਚਿਆਂ ਨੂੰ ਜ਼ਹਿਰ ਦੇ ਕੇ ਮਾਰਿਆ

### ਕਤਲ ਤੋਂ ਬਾਅਦ ਆਪਣੇ ਦੋਵਾਂ ਹੱਥਾਂ ਦੀਆਂ ਨਾੜੀਆਂ ਵੱਢੀਆਂ



**ਨਵੀਂ ਦਿਲੀ।** ਹਰਿਆਣਾ ਦੇ ਗੁਰੂਗ੍ਰਾਮ ਵਿਚ ਇਕ ਵਿਅਕਤੀ ਨੇ ਆਪਣੀ ਪਤਨੀ ਅਤੇ ਚਾਰ ਬੱਚਿਆਂ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਦੋਸ਼ੀ ਨੇ ਚਾਕੂ ਨਾਲ ਆਪਣੇ ਦੋਵੇਂ ਹੱਥਾਂ ਦੀਆਂ ਨਾੜੀਆਂ ਵੀ ਵੱਢ ਦਿੱਤੀਆਂ। ਪੁਲਿਸ ਅਤੇ ਫੋਰੈਂਸਿਕ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਨਮੂਨੇ ਇਕੱਠੇ ਕੀਤੇ। ਪੁਲਿਸ ਨੂੰ ਘਟਨਾ ਵਾਲੀ ਥਾਂ ਤੋਂ ਖੂਨ ਨਾਲ ਲੱਥਪੱਥ ਇੱਕ ਚਾਕੂ ਵੀ ਮਿਲਿਆ ਹੈ। ਸ਼ੱਕ ਹੈ ਕਿ ਦੋਸ਼ੀ ਨੇ ਇਸ ਚਾਕੂ ਦੀ ਵਰਤੋਂ ਆਪਣੀਆਂ ਨਾੜਾਂ ਕੱਟਣ ਲਈ ਕੀਤੀ ਹੋ ਸਕਦੀ ਹੈ। ਸ਼ੁਰੂਆਤੀ ਪੁਲਿਸ ਜਾਂਚ ਤੋਂ ਪਤਾ ਲੱਗਾ ਹੈ ਕਿ ਪਤੀ-ਪਤਨੀ ਅਕਸਰ ਝਗੜਾ ਕਰਦੇ ਰਹਿੰਦੇ ਸਨ। ਸਿੱਟੇ ਵਜੋਂ, ਸ਼ਨੀਵਾਰ ਰਾਤ ਨੂੰ, ਉਸ ਨੇ ਆਪਣੀ ਪਤਨੀ ਅਤੇ ਬੱਚਿਆਂ ਨੂੰ ਕੋਈ ਜ਼ਹਿਰੀਲਾ ਪਦਾਰਥ ਦਿੱਤਾ। ਪੰਜਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਮੁਰਦਾਘਰ ਵਿੱਚ ਰੱਖ ਦਿੱਤਾ ਹੈ। ਦੋਸ਼ੀ ਦਾ ਸਿਵਲ ਹਸਪਤਾਲ ਵਿੱਚ ਵੀ ਇਲਾਜ ਚੱਲ ਰਿਹਾ ਹੈ। ਗੁਰੂਗ੍ਰਾਮ ਦੇ ਵਜ਼ੀਰਪੁਰ ਪਿੰਡ ਵਿੱਚ ਸ਼ਨੀਵਾਰ ਸ਼ਾਮ ਨੂੰ ਲਗਭਗ 9 ਵਜੇ, ਦੋਸ਼ੀ ਨਾਜ਼ਿਮ ਦਾ ਭਰਾ ਜ਼ੀਸ਼ਾਨ ਘਰ ਦੀ ਪਹਿਲੀ ਮੰਜ਼ਿਲ 'ਤੇ ਆਇਆ। ਕਮਰੇ ਵਿੱਚ ਦਾਖਲ ਹੁੰਦੇ ਹੀ ਉਸ ਨੇ ਚੀਕ ਮਾਰੀ। ਅੰਦਰ, ਉਸ ਦੀ ਭਰਜਾਈ, ਨਜਮਾ ਅਤੇ ਚਾਰ ਬੱਚੇ ਫਰਸ਼ 'ਤੇ ਪਏ ਸਨ। ਨਜਮਾ ਅਤੇ ਬੱਚੇ ਹਿੱਲ ਨਹੀਂ ਰਹੇ ਸਨ।ਜ਼ੀਸ਼ਾਨ ਦੇ ਅਨੁਸਾਰ, ਰਾਤ ਦੇ ਖਾਣੇ ਤੋਂ ਬਾਅਦ, ਉਹ ਉਨ੍ਹਾਂ ਨੂੰ ਮਿਲਣ ਲਈ ਬੱਚਿਆਂ ਦੇ ਕਮਰੇ ਵਿੱਚ ਗਿਆ। ਜਦੋਂ ਉਹ ਪਹੁੰਚਿਆ, ਤਾਂ ਉਸ ਨੇ ਉਨ੍ਹਾਂ ਦੇ ਮੂੰਹਾਂ ਵਿੱਚੋਂ ਝੱਗ ਨਿਕਲਦੀ ਦੇਖੀ। ਨਾਜ਼ਿਮ ਨੇੜੇ ਹੀ ਪਿਆ ਸੀ, ਦਰਦ ਨਾਲ ਚੀਕ ਰਿਹਾ ਸੀ। ਉਸ ਦੀ ਨਾੜਾਂ ਕੱਟੀਆਂ ਹੋਈਆਂ ਸਨ। ਨੇੜੇ ਹੀ ਇੱਕ ਖੂਨ ਨਾਲ ਲੱਥਪੱਥ ਚਾਕੂ ਵੀ ਪਿਆ ਸੀ।ਜ਼ੀਸ਼ਾਨ ਨੇ ਤੁਰੰਤ ਸਥਾਨਕ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਅਤੇ ਫੋਰੈਂਸਿਕ ਟੀਮਾਂ ਰਾਤ 9:30 ਵਜੇ ਦੇ ਕਰੀਬ ਘਟਨਾ ਸਥਾਨ 'ਤੇ ਪਹੁੰਚੀਆਂ। ਪੁਲਿਸ ਨੂੰ ਦੇਖ ਕੇ ਸਥਾਨਕ ਲੋਕਾਂ ਦੀ ਭੀੜ ਇਕੱਠੀ ਹੋ ਗਈ। ਪੁਲਿਸ ਨੇ ਤੁਰੰਤ ਨਾਜ਼ਿਮ ਨੂੰ ਹਸਪਤਾਲ ਦਾਖਲ ਕਰਵਾਇਆ। ਔਰਤ ਅਤੇ ਚਾਰ ਬੱਚਿਆਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਮੁਰਦਾਘਰ ਵਿੱਚ ਜਮ੍ਹਾਂ ਕਰਵਾ ਦਿੱਤਾ ਗਿਆ। ਨਾਜ਼ਿਮ ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਉਸ ਨੇ ਲਗਭਗ ਛੇ ਮਹੀਨੇ ਪਹਿਲਾਂ ਵਜ਼ੀਰਾਬਾਦ ਵਿੱਚ ਇੱਕ ਕਮਰਾ ਕਿਰਾਏ 'ਤੇ ਲਿਆ ਸੀ। ਨਾਜ਼ਿਮ ਗੜ੍ਹੀ ਹਰਸਾਰੂ ਵਿੱਚ ਆਪਣਾ ਸੈਲੂਨ ਚਲਾਉਂਦਾ ਹੈ। ਪੁਲਿਸ ਜਾਂਚ ਵਿੱਚ ਪਤਾ ਲੱਗਾ ਹੈ ਕਿ ਨਾਜ਼ਿਮ ਅਕਸਰ ਆਪਣੀ ਪਤਨੀ ਨਾਲ ਝਗੜਾ ਕਰਦਾ ਰਹਿੰਦਾ ਸੀ। ਇਹ ਨਾਜ਼ਿਮ ਦਾ ਦੂਜਾ ਵਿਆਹ ਸੀ। ਉਸ ਦੀ ਵੱਡੀ ਧੀ ਉਸ ਦੀ ਪਹਿਲੀ ਪਤਨੀ ਤੋਂ ਸੀ, ਅਤੇ ਬਾਕੀ ਤਿੰਨ ਬੱਚੇ ਨਜਮਾ ਤੋਂ ਸਨ। ਸ਼ਨੀਵਾਰ ਨੂੰ ਕੰਮ ਤੋਂ ਵਾਪਸ ਆਉਣ ਤੋਂ ਬਾਅਦ, ਨਾਜ਼ਿਮ ਦਾ ਆਪਣੀ ਪਤਨੀ ਨਜਮਾ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਫਿਰ ਉਸ ਨੇ ਨਜਮਾ (35), ਆਪਣੀਆਂ ਧੀਆਂ ਇਕਰਾ (12), ਸ਼ਿਫਾ (8), ਆਪਣੇ ਪੁੱਤਰ ਆਰਾਮ (8) ਅਤੇ ਆਪਣੀ ਸਭ ਤੋਂ ਛੋਟੀ ਧੀ ਖਤੀਜਾ (6) ਨੂੰ ਜ਼ਹਿਰ ਦੇ ਦਿੱਤਾ। ਫੋਰੈਂਸਿਕ ਮਾਹਿਰਾਂ ਦਾ ਮੰਨਣਾ ਹੈ ਕਿ ਦੋਸ਼ੀ ਨੇ ਪਹਿਲਾਂ ਬੱਚਿਆਂ ਨੂੰ ਅਤੇ ਫਿਰ ਆਪਣੀ ਪਤਨੀ ਨੂੰ ਜ਼ਹਿਰ ਦਿੱਤਾ ਹੋ ਸਕਦਾ ਹੈ। ਹਾਲਾਂਕਿ, ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕਿਸ ਤਰ੍ਹਾਂ ਦਾ ਜ਼ਹਿਰੀਲਾ ਪਦਾਰਥ ਦਿੱਤਾ ਗਿਆ ਸੀ।

# ਪਿੰਡ ਭਿਖਾਰੀ ਹਰਨੀਆਂ ਦੇ ਨੌਜਵਾਨ ਦੀ ਕਰੰਟ ਲੱਗਣ ਕਾਰਨ ਮੌਤ



**ਕਾਹਨੂੰਵਾਨ :** ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਾਹਨੂੰਵਾਨ ਦੇ ਨਜ਼ਦੀਕ ਪਿੰਡ ਭਿਖਾਰੀ ਹਾਰਨੀਆਂ ਦੇ ਪਿੰਡ ਦੇ ਨੌਜਵਾਨਾਂ ਵਲੋ ਗਰਾਊਂਡ ’ਚ ਟੂਰਨਾਮੈਂਟ ਕਰਵਾਉਣ ਦੀ ਤਿਆਰੀ ’ਚ ਲੱਗੇ ਇੱਕ ਨੌਜਵਾਨ ਦੀ ਕਰੰਟ ਲੱਗਣ ਨਾਲ ਮੌਤ ਹੋਣ ਦੀ ਖਬਰ ਸਾਹਮਣੇ ਆਈ । ਉਥੇ ਹੀ ਨੌਜਵਾਨ ਦੀ ਮੌਤ ਕਾਰਨ ਉਸਦੇ ਪਰਿਵਾਰ ਦਾ ਰੋ ਰੋ ਬੁਰਾ ਹਾਲ ਹੋ ਰਿਹਾ ਹੈ । ਪਿੰਡ ਦੇ ਨੌਜਵਾਨਾਂ ਨੇ ਦੱਸਿਆ ਕਿ ਹਰ ਸਾਲ ਹੋਣ ਵਾਲੇ ਖੇਡ ਟੂਰਨਾਮੈਂਟ ਦੀ ਤਿਆਰੀ ਲਈ ਉਹ ਸਾਰੇ ਇਕੱਠੇ ਹੋ ਗਰਾਊਂਡ ’ਚ ਮਿੱਟੀ ਪਾਉਣ ਦਾ ਕੰਮ ਕਰ ਰਹੇ ਸਨ ਅਤੇ ਪਿੰਡ ਦਾ ਹੀ ਰਹਿਣ ਵਾਲਾ ਇੰਦਰਜੀਤ ਸਿੰਘ ਗਰਾਊਂਡ ’ਚ ਪੋਲ ਗੱਡ ਰਿਹਾ ਸੀ ਕਿ ਅਚਾਨਕ ਪਾਈਪ ਨੂੰ ਗੱਡਦੇ ਹੋਏ ਉੱਪਰ ਤਾਰਾਂ ਨਾਲ ਪਾਈਪ ਟਕਰਾਉਣ ਕਰਕੇ ਕਰੰਟ ਆ ਗਿਆ ਅਤੇ ਉਸ ਦੇ ਨਾਲ ਹੀ ਉਕਤ ਨੌਜਵਾਨ ਇੰਦਰਜੀਤ ਦੀ ਮੌਕੇ ’ਤੇ ਹੀ ਮੌਤ ਹੋ ਗਈ ਜਦਕਿ ਪਿੰਡ ਵਾਲਿਆਂ ਵਲੋਂ ਉਸ ਨੂੰ ਹਸਪਤਾਲ ਵੀ ਲਿਜਾਇਆ ਗਿਆ ਜਿੱਥੇ ਡਾਕਟਰਾਂ ਵਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ । ਉੱਥੇ ਹੀ ਪਰਿਵਾਰ ਦਾ ਰੋ ਰੋ ਬੁਰਾ ਹਾਲ ਹੈ ਅਤੇ ਨੌਜਵਾਨ ਗੈਸ ਏਜੰਸੀ ਵਾਲੇ ਟਰੱਕ ਤੇ ਡਰਾਈਵਰ ਦੀ ਨੌਕਰੀ ਕਰਦਾ ਸੀ ਅਤੇ ਕੁਝ ਸਾਲ ਪਹਿਲਾਂ ਹੀ ਉਸ ਦਾ ਵਿਆਹ ਹੋਇਆ ਸੀ ਅਤੇ ਇਕ ਮਹਿਜ 7 ਮਹੀਨੇ ਦਾ ਬੇਟਾ ਅਤੇ ਪਤਨੀ ਪਿੱਛੇ ਛੱਡ ਗਿਆ।

# ਮਲੇਸ਼ੀਆ ਵਿਚ ਭਾਰਤੀ ਜੋੜੇ ਨੇ 10ਵੀਂ ਮੰਜ਼ਿਲ ਤੋਂ ਮਾਰੀ ਛਾਲ, ਪਤਨੀ ਦੀ ਮੌਤ, ਪਤੀ ਦੀ ਹਾਲਤ ਗੰਭੀਰ

### .ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਕਰਨਾਲ ਦੇ ਜੋੜੇ ਨੇ ਗ੍ਰਿਫ਼ਤਾਰੀ ਦੇ ਡਰੋਂ ਲਗਾਈ ਛਾਲ

**ਮਲੇਸ਼ੀਆ।** ਮਲੇਸ਼ੀਆ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਕਰਨਾਲ ਦੇ ਇੱਕ ਜੋੜੇ ਨੇ ਗ੍ਰਿਫ਼ਤਾਰੀ ਦੇ ਡਰੋਂ 10ਵੀਂ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਇਸ ਹਾਦਸੇ ਵਿੱਚ ਪਤਨੀ ਅਨੁਸ਼ਕਾ (25) ਦੀ ਮੌਤ ਹੋ ਗਈ, ਜਦੋਂ ਕਿ ਪਤੀ ਕਪਿਲ (28) ਗੰਭੀਰ ਜ਼ਖ਼ਮੀ ਹੋ ਗਿਆ। ਸਮਾਜਿਕ ਅਤੇ ਸਰਕਾਰੀ ਯਤਨਾਂ ਸਦਕਾ, ਪਤਨੀ ਦੀ ਲਾਸ਼ ਭਾਰਤ ਵਾਪਸ ਲਿਆਂਦੀ ਗਈ। ਨਾਲ ਹੀ ਸਿੰਘਾੜਾ ਪਿੰਡ ਦੇ ਵਸਨੀਕ ਕਪਿਲ ਨੂੰ ਵੀ ਭਾਰਤ ਵਾਪਸ ਲਿਆਂਦਾ ਗਿਆ। ਕਪਿਲ ਦਾ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਇਹ



ਜੋੜਾ ਲਗਭਗ ਢਾਈ ਸਾਲ ਪਹਿਲਾਂ ਟੂਰਿਸਟ ਵੀਜ਼ੇ 'ਤੇ ਮਲੇਸ਼ੀਆ ਗਿਆ ਸੀ। ਉਨ੍ਹਾਂ ਦੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ, ਉਹ ਉੱਥੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਸਨ ਅਤੇ ਕੰਮ ਕਰ ਰਹੇ ਸਨ। ਇਸ ਦੌਰਾਨ, ਮਲੇਸ਼ੀਆ ਸਰਕਾਰ ਨੇ ਸਖ਼ਤ ਕਾਰਵਾਈ ਕਰਦੇ ਹੋਏ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ। ਮਲੇਸ਼ੀਆਈ ਇਮੀਗ੍ਰੇਸ਼ਨ ਟੀਮਾਂ ਨੇ ਪੁਲਿਸ ਨਾਲ ਮਿਲ ਕੇ ਉਸ ਇਮਾਰਤ 'ਤੇ ਛਾਪਾ ਮਾਰਿਆ ਜਿੱਥੇ ਇਹ ਜੋੜਾ ਰਹਿ ਰਿਹਾ ਸੀ। ਗ੍ਰਿਫ਼ਤਾਰੀ ਦੇ ਡਰੋਂ, ਦੋਵਾਂ ਨੇ ਇਮਾਰਤ ਦੀ ਦਸਵੀਂ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਕਪਿਲ ਦੀ ਪਤਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਕਪਿਲ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਕੋਮਾ ਵਿੱਚ ਚਲਾ ਗਿਆ। ਮਲੇਸ਼ੀਆ ਪੁਲਿਸ ਨੇ ਔਰਤ ਦੀ ਲਾਸ਼ ਨੂੰ ਇੱਕ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਜਮ੍ਹਾਂ ਕਰਵਾ ਦਿੱਤਾ, ਜਦੋਂ ਕਿ ਕਪਿਲ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦੇ ਆਈਸੀਯੂ ਵਿੱਚ ਦਾਖਲ ਕਰਵਾਇਆ ਗਿਆ। ਜਿਥੇ ਇਲਾਜ ਹੋਣ ਤੋਂ ਬਾਅਦ ਕਪਿਲ ਨੂੰ ਭਾਰਤ ਵਾਪਸ ਭੇਜਿਆ ਗਿਆ।


SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਵਿਧਾਇਕਾ ਸੰਤੋਸ਼ ਕਟਾਰੀਆ ਨੇ ਪਿੰਡ ਠਠਿਆਲਾ ਬੇਟ ਵਿਖੇ 36 ਲੱਖ ਦੀ ਲਾਗਤ ਨਾਲ ਬਣਨ ਵਾਲੇ ਸਟੇਡੀਅਮ ਦਾ ਰੱਖਿਆ ਨੀਂਹ ਪੱਥਰ



**ਬਲਾਚੌਰ 3 ਮਈ (ਜਤਿੰਦਰ ਪਾਲ ਸਿੰਘ ਕਲੇਰ )**ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਕੀਤੇ ਜਾ ਰਹੇ ਵਾਅਦਿਆਂ ਤਹਿਤ ਅੱਜ ਹਲਕਾ ਬਲਾਚੌਰ ਵਿੱਚ ਇੱਕ ਵੱਡੀ ਸੌਗਾਤ ਦਿੱਤੀ ਗਈ। ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਪਿੰਡ ਠਠਿਆਲਾ ਬੇਟ ਵਿਖੇ 36 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਆਧੁਨਿਕ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਮਕਸਦ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾ ਕੇ ਉਨ੍ਹਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਪਿੰਡਾਂ ਵਿੱਚ ਅੰਤਰਰਾਸ਼ਟਰੀ ਪੱਧਰ ਦੀਆਂ ਖੇਡ ਸਹੂਲਤਾਂ ਮਿਲਣਗੀਆਂ, ਤਾਂ ਸਾਡੇ ਪੇਂਡੂ ਖੇਤਰ ਦੇ ਖਿਡਾਰੀ ਦੁਨੀਆ ਭਰ ਵਿੱਚ ਪੰਜਾਬ ਦਾ ਨਾਂ ਰੌਸ਼ਨ ਕਰਨਗੇ। ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੱਖਪਾਤ ਤੋਂ ਉੱਪਰ ਉੱਠ ਕੇ ਹਰ ਪਿੰਡ ਦਾ ਵਿਕਾਸ ਕਰ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਬਲਾਚੌਰ ਹਲਕੇ ਦੇ ਸਰਵਪੱਖੀ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਸਟੇਡੀਅਮ ਦਾ ਕੰਮ ਸ਼ੁਰੂ ਹੋਣ 'ਤੇ ਪਿੰਡ ਦੀ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ ਅਤੇ ਵਿਧਾਇਕਾ ਕਟਾਰੀਆ ਦਾ ਤਹਿ ਦਿਲੋਂ ਧੰਨਵਾਦ ਕੀਤਾ। ਲੋਕਾਂ ਦਾ ਕਹਿਣਾ ਹੈ ਕਿ ਇਹ ਸਟੇਡੀਅਮ ਨਾ ਸਿਰਫ਼ ਪਿੰਡ, ਸਗੋਂ ਪੂਰੇ ਇਲ-'ਕੇ ਦੇ ਨੌਜਵਾਨਾਂ ਲਈ ਵਰਦਾਨ ਸਾਬਤ ਹੋਵੇਗਾ। ਇਸ ਮੌਕੇ ਤਰਸੇਮ ਸਿੰਘ ਰਾਣਾ ਸਰਪੰਚ , ਕੈਪਟਨ ਉੱਤਮ ਸਿੰਘ ,ਡਾ ਬਲਵੰਤ ਰਾਮ ਪੰਚ ਸੂਬੇਦਾਰ ਪੁਰਸ਼ੋਤਮ, ਅਰਸ਼ ਰਾਣਾ, ਰਾਜਨ ਠਾਕੁਰ , ਪੁਸ਼ਵਿੰਦਰ ਰਾਣਾ ਸਰਪੰਚ ਨਾਨੂਵਾਲ, ਜਸਪਾਲ ਸਰਪੰਚ ਗਰਲੋ ਵੇਟ, ਬੀਨਾ ਸਰਪੰਚ ਡੂਗਰੀ, ਮਨਜੀਤ ਪੰਚ ਠਠਿਆਲਾ, ਵਿਨੋਦ ਕੁਮਾਰ, ਸਰਬਜੀਤ ਬਿੱਟੂ, ਹਰੀਸ਼ ਰਾਣਾ , ਗੌਤਮ ਰਾਣਾ, ਤਾਰਾ ਰਾਣਾ,ਵਿਕਰਾਂਤ ਰਾਣਾ, ਮਨੀਸ਼ ਅਤੇ , ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਤੇ ਇਲਾਕਾ ਨਿਵਾਸੀ ਮੌਜੂਦ ਸਨ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਵਸ ਮਨਾਇਆ




**ਮੋਰਿੰਡਾ, 3 ਮਈ (ਸੁਖਵਿੰਦਰ ਸਿੰਘ ਹੈਪੀ)** ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਵੱਲੋਂ ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਰਤਨ ਦਰਬਾਰ ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਮੋਰਿੰਡਾ ਵਿਖੇ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫੈਡਰੇਸ਼ਨ ਦੇ ਸਰਪ੍ਰਸਤ ਕੁਲਵੀਰ ਸਿੰਘ ਰੀਹਲ ਨੇ ਦੱਸਿਆ ਕਿ ਇਹ ਧਾਰਮਿਕ ਸਮਾਗਮ ਡੇਰਾ ਕਾਰ ਸੇਵਾ ਮੋਰਿੰਡਾ, ਕਮੇਟੀ, ਵਿਸ਼ਵਕਰਮਾ ਸਭਾ ਅਤੇ ਗੁਰਦੁਆਰਾ ਰਾਮਗੜੀਆ ਸਿੰਘ ਸਭਾ ਮੋਰਿੰਡਾ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਦੌਰਾਨ ਭਾਈ ਸੇਵਕ ਸਿੰਘ ਕੋਮਲ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਮੋਰਿੰਡਾ, ਭਾਈ ਗੁਰਮੀਤ ਸਿੰਘ ਜੀ ਸ੍ਰੀ ਫਤਿਹਗੜ੍ਹ ਸਾਹਿਬ ਵਾਲੇ ਅਤੇ ਭਾਈ ਗੁਰਬਾਜ ਸਿੰਘ ਜੀ ਕਥਾ ਵਾਚਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਆਦਿ ਨੇ ਅਪਣੇ ਜਥਿਆਂ ਸਮੇਤ ਕਥਾ ਅਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਸਮੂਹ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ, ਅੰਮ੍ਰਿਤ ਛਕਣ,ਕਿਰਤ ਕਰਨ,ਵੰਡ ਛਕਣ ਅਤੇ ਗੁਰੂ ਵਲੋਂ ਦਰਸਾਏ ਮਾਰਗ ਅਨੁਸਾਰ ਲੋੜਵੰਦਾਂ ਦੀ ਹਰ ਪ੍ਰਕਾਰ ਦੀ ਮਦਦ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਮਹਾਰਾਜਾ ਸ੍ਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਵੱਲੋਂ ਹੋਣਹ-ਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਯਾਦਗਾਰੀ ਚਿੰਨ੍ਹ ਅਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਫੈਡਰੇਸ਼ਨ ਦੇ ਸਕੱਤਰ ਦਲਜੀਤ ਸਿੰਘ ਮੁੰਡੇ ਨੇ ਸਮਾਗਮ ਵਿੱਚ ਪੁੱਜੀ ਗੁਰੂ ਦੀ ਸੰਗਤ ਇਲਾਕਾ ਨਿਵਾਸੀਆਂ ਅਤੇ ਪ੍ਰੈਸ ਕਲੱਬ ਮੋਰਿੰਡਾ ਵਲੋਂ ਦਿੱਤੇ ਭਰਵੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿੱਚ ਪ੍ਰਧਾਨ ਬਿਕਰਮਜੀਤ ਸਿੰਘ ਸੋਹਣਪਾਲ, ਜਗਜੀਤ ਸਿੰਘ ਰੀਹਲ ,ਜਸਪ੍ਰੀਤ ਸਿੰਘ ਕਲਸੀ, ਗੁਰਵਿੰਦਰ ਸਿੰਘ ਰੀਹਲ , ਗੁਰਪ੍ਰੀਤ ਸਿੰਘ ਬਿੰਮਰਾ, ਚਰਨਜੀਤ ਸਿੰਘ ਰੀਹਲ , ਡਾ ਤੇਜਿੰਦਰ ਸਿੰਘ ਬੋਬੀ,ਮਨਦੀਪ ਸਿੰਘ ਸੋਹਣਪਾਲ , ਜਸਵਿੰਦਰ ਸਿੰਘ ਮਠਾੜੂ , ਭੁਪਿੰਦਰ ਸਿੰਘ ਰੀਹਲ , ਤੇਜਿੰਦਰ ਸਿੰਘ ਕਲਸੀ, ਜਗਵਿੰਦਰ ਸਿੰਘ ਜੰਡੂ, ਨਿਹਾਲ ਸਿੰਘ ਕਲਸੀ , ਮਨਜੀਤ ਸਿੰਘ ਧੀਮਾਨ , ਅਵਤਾਰ ਸਿੰਘ ਵਿਰਦੀ, ਜਗਦੀਪ ਸਿੰਘ ਘਟੌੜੇ , ਦਰਸ਼ਨ ਸਿੰਘ,ਪਰਮਿੰਦਰ ਸਿੰਘ ਮਠਾੜੂ, ਗੁਰਪ੍ਰੀਤ ਸਿੰਘ ਲਾਲੀ ਮੜੌਲੀ ਕਲਾਂ, ਕੁਲਦੀਪ ਸਿੰਘ ਸੱਲ੍ਹ , ਬਲਵੀਰ ਸਿੰਘ ਬਿਲਖੂ , ਗੁਰਮੀਤ ਸਿੰਘ , ਮਨਵੀਰ ਸਿੰਘ ਜੰਡੂ, ਹਰਮੀਤ ਸਿੰਘ ,ਸੁਲਿੰਦਰ ਸਿੰਘ ਹਾਂਸੀ, ਬਲਜਿੰਦਰ ਸਿੰਘ ਰੌਣੀ, ਕਰਨੈਲ ਸਿੰਘ ਜੀਤ ਵਾਇਸ ਚੇਅਰਮੈਨ ਪੀ ਏ ਡੀ ਬੈਂਕ,ਰਜਿੰਦਰ ਸਿੰਘ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲਰ ਮੋਰਿੰਡਾ , ਪਰਮਿੰਦਰ ਸਿੰਘ ਕੰਗ, ਜਸਵੰਤ ਸਿੰਘ ਰੀਹਲ ਪ੍ਰਧਾਨ ਗੁਰਦੁਆਰਾ ਰਾਮਗੜ੍ਹੀਆ ਸਿੰਘ ਸਭਾ ਮੋਰਿੰਡਾ , ਗੁਰਿੰਦਰ ਸਿੰਘ ਰੀਹਲ, ਅਮਰੀਕ ਸਿੰਘ ਡੱਫੂ, ਸਤਨਾਮ ਸਿੰਘ ਪਾਪੂਲਰ, ਸਜੀਵ ਕੁਮਾਰ ਸਰੀਨ, ਰਾਵਿੰਦਰ ਸਿੰਘ ਰਾਜੂ, ਹਰਦੀਪ ਸਿੰਘ ਅਨੰਦ ਗੁਰਮੀਤ ਸਿੰਘ ਮੋਰਿੰਡਾ ਅਤੇ ਗੁਰਨ-ਾਮ ਸਿੰਘ ਆਦਿ ਪਤਵੰਤੇ ਸੱਜਣ ਹਾਜ਼ਰ ਸਨ ।

# ਕਾਮਿਨੀ ਨਾਰਿਆਲ 9.80 ਐਸ ਜੀ ਪੀ ਏ ਅੰਕਾਂ ਨਾਲ ਯੂਨੀਵਰਸਿਟੀ ਵਿੱਚੋਂ ਫਸਟ

**ਨਵਾਂਸ਼ਹਿਰ /ਕਾਠਗੜ੍ਹ 3ਮਈ (ਜਤਿੰਦਰ ਪਾਲ ਸਿੰਘ ਕਲੇਰ )** ਕਾਮਿਨੀ ਨਾਰਿਆਲ ਪੁੱਤਰੀ ਬਲਵਿੰਦਰ ਕੁਮਾਰ ਵਾਸੀ ਕਾਠਗੜ੍ਹ ਨੇ ਬੀ ਪੀ ਟੀ ਕੋਰਸ ਵਿੱਚ ਲੈਮਰਿਨ ਟੈਕ ਸਕਿੱਲਜ ਯੂਨੀਵਰਸਿਟੀ ਪੰਜਾਬ ਵਿੱਚੋ ਪਹਿਲਾ ਸਥਾਨ ਹਾਸਿਲ ਕੀਤਾ ਹੈ ।ਕਾਮਿਨੀ ਨਾਰਿਆਲ ਯੂਨੀਵਰਸਿਟੀ ਸਕੂਲ ਆਫ਼ ਅਲਾਈਡ ਹੈਲਥ ਸਾਇੰਸਸ ਦੀ ਬੀ ਪੀ ਟੀ ਕੋਰਸ ਦੀ ਵਿਦਿਆਰਥਨ ਹੈ ਉਸ ਨੇ ਯੂਨੀਵਰਸਿਟੀ ਦੇ ਨਤੀਜਿਆ ਵਿੱਚ 9.80 ਐਸ ਜੀ ਪੀ ਏ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਉਸ ਨੇ ਕਿਹਾ ਕਿ ਉਹ ਬਹੁਤ ਮਿਹਨਤ ਕਰਦੀ ਹੈ ਜਿਸ ਕਰਕੇ ਉਸ ਨੂੰ ਇਹ ਮੁਕਾਮ ਮਿਲਿਆ ਹੈ ਉਸ ਦੇ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਹੈ ਪਿੰਡ ਦੀ ਪੰਚਾਇਤ ਅਤੇ ਪਤਵੰਤੀਆ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਲੱਡੂ ਵੰਡੇ ਜਾ ਰਹੇ ਹਨ ।



# ਦਰਜਣਾ ਪਰਿਵਾਰ ਅਕਾਲੀ ਦਲ ਵਾਰਿਸ਼ ਪੰਜਾਬ ਦੇ ਵਿੱਚ ਹੋਏ ਸ਼ਾਮਿਲ



**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਬੀਤੇ ਦਿਨ ਪਿੰਡ ਖੇਰੂਲਾ ਪੁਰ ਹਲਕਾ ਸ਼ਾਹਕੋਟ, ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਵਿਚ ਦਰਜਣਾ ਹੀ ਪਰਿਵਾਰ ਹੋਏ ਸ਼ਾਮਿਲ, ਸ: ਸੁਖਵਿੰਦਰ ਸਿੰਘ ਸਾਬੂਵਾਲ ਮੁੱਖ ਸੇਵਾਦਾਰ ਹਲਕਾ ਸ਼ਾਹਕੋਟ ਜੀ ਨੇ ਪਿੰਡ ਵਾਸੀਆਂ ਨੂੰ ਸਰੋਪੇ ਪਾਕੇ ਪਾਰਟੀ ਵਿਚ ਸ਼ਾਮਿਲ ਕੀਤਾ ਮਜੂਦਾ ਪਿੰਡ ਵਾਸੀ ਜਗਤਾਰ ਸਿੰਘ, ਭੁਪਿੰਦਰ ਸਿੰਘ,ਸਾਜਨਪ੍ਰੀਤ ਸਿੰਘ, ਜਗਦੀਸ਼ ਸਿੰਘ, ਅਰਮਾਜੋਤ ਸਿੰਘ, ਯਾਦਵਿੰਦਰ ਸਿੰਘ, ਰਾਜਵਿੰਦਰ ਸਿੰਘ, ਮਗਨਦੀਪ ਸਿੰਘ, ਸਾਹਿਲਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਪਵਿੱਤਰ ਸਿੰਘ, ਰਾਜਵਿੰਦਰ ਸਿੰਘ ਹੋਣਾ ਨੂੰ ਪਾਰਟੀ ਵਿੱਚ ਕੀਤਾ ਸ਼ਾਮਿਲ ਓਥੇ ਪਿੰਡ ਵਾਸੀਆਂ ਨੇ, ਸਾਬੂਵਾਲ ਸਾਹਿਬ ਦਾ ਪਿੰਡ ਪਹੁੰਚਣ ਤੇ ਧੰਨਵਾਦ ਕੀਤਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕੰਕਰੀਟ ਮਿਕਸਰ ਪਲਾਂਟ ਵਿਰੁਧ ਚਲ ਰਹੇ ਧਰਨੇ 'ਚ ਪੁੱਜੇ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ

## ਕੰਕਰੀਟ ਮਿਕਸਰ ਪਲਾਂਟ ਢੰਗਰਾਲੀ ਵਿਰੁੱਧ ਧਰਨਾ 11ਵੇਂ ਦਿਨ ਵੀ ਜਾਰੀ



**ਮੋਰਿੰਡਾ, 3 ਮਈ (ਸੁਖਵਿੰਦਰ ਸਿੰਘ ਹੈਪੀ)–** ਨੇੜਲੇ ਢੰਗਰਾਲੀ ਅਤੇ ਖੈਰਪੁਰ ਦੇ ਲੋਕ ਮੇਰੇ ਆਪਣੇ ਲੋਕ ਹਨ। ਮੇਰੇ ਹਲਕੇ ਦੇ ਲੋਕ ਹਨ ਉਹਨਾਂ ਦਾ ਦੁੱਖ ਮੇਰਾ ਦੁੱਖ ਹੈ। ਉਹਨਾਂ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਮੋਰਿੰਡਾ ਨਜ਼ਦੀਕੀ ਪਿੰਡ ਢੰਗਰਾਲੀ ਵਿਖੇ ਲੱਗ ਰਹੇ ਕੰਕਰੀਟ ਮਿਕਸਰ ਪਲਾਂਟ ਨੂੰ ਤੁਰੰਤ ਬੰਦ ਕੀਤਾ ਜਾਵੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਰਦਾਰ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਨੇ ਪਿੰਡ ਢੰਗਰਾਲੀ ਵਿੱਚ ਕੰਕਰੀਟ ਮਿਕਸਰ ਪਲਾਂਟ ਬੰਦ ਕਰਾਉਣ ਦੇ ਲਈ ਲੱਗੇ ਧਰਨੇ ਵਿੱਚ ਬੈਠੇ ਲੋਕਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਹਨਾਂ ਨੇ ਕਿਹਾ ਕਿ ਮੇਰੇ ਕੋਲ ਕੰਕਰੀਟ ਮਿਕਸਚਰ ਪਲਾਂਟ ਦੇ ਨੁਮਾਇੰਦੇ ਵੀ ਆਏ ਸਨ ਤੇ ਮੈਂ ਉਹਨਾਂ ਨੂੰ ਦੱਸ ਦਿੱਤਾ ਸੀ ਕਿ ਮੈਂ ਕੱਲ ਢੰਗਰਾਲੀ ਪਿੰਡ ਇੱਕ ਸਮਾਗਮ ਦੇ ਵਿੱਚ ਜਾਣਾ ਹੈ। ਜੇਕਰ ਪਿੰਡ ਵਾਸੀ ਮੈਨੂੰ ਕਹਿਣਗੇ ਤਾਂ ਮੈਂ ਧਰਨੇ ਦੇ ਵਿੱਚ ਜਰੂਰ ਸ਼ਮੂਲੀਅਤ ਕਰਾਂਗਾ। ਉਹਨਾਂ ਨੇ ਅੱਜ ਧਰਨੇ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤੁਹਾਨੂੰ ਕੰਕਰੀਟ ਮਿਕਸਰ ਪਲਾਂਟ ਦੇ ਮਾਲਕ ਨਾਲ ਵੀ ਗੱਲ ਕਰ ਲੈਣੀ ਚਾਹੀਦੀ ਹੈ। ਇਸ ਦੇ ਉੱਤਰ ਵਿੱਚ ਨਛੱਤਰ ਸਿੰਘ ਧਨੋਆ ਸਵਰਨ ਸਿੰਘ ਢੰਗਰਾਲੀ ਅਤੇ ਹਰਜੋਤ ਸਿੰਘ ਨੇ ਸਾਬਕਾ ਮੁੱਖ ਮੰਤਰੀ ਪੰਜਾਬ ਨੂੰ ਦੱਸਿਆ ਕਿ ਉਹਨਾਂ ਨਾਲ ਦੋ ਤਿੰਨ ਵਾਰ ਗੱਲਬਾਤ ਕੀਤੀ ਜਾ ਚੁੱਕੀ ਹੈ। ਪਰ ਉਹ ਪਿੰਡ ਵਾਸੀਆਂ ਦੀ ਬੇਨਤੀ ਨਹੀਂ ਮੰਨ ਰਹੇ ਹਨ। ਸਾਬਕਾ ਮੁੱਖ ਮੰਤਰੀ ਪੰਜਾਬ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਪਿੰਡ ਵਾਸੀਆਂ ਨੂੰ ਕਿਹਾ ਕਿ ਤੁਹਾਨੂੰ ਹੋਰ ਕੰਕਰੀਟ ਮਿਕਸਚਰ ਪਲਾਂਟ ਵੀ ਦੇਖਣੇ ਚਾਹੀਦੇ ਹਨ। ਤਾਂ ਪਿੰਡ ਵਾਸੀਆਂ ਨੇ ਕਿਹਾ ਕਿ ਅਸੀਂ ਦੇਖ ਆਏ ਹਾਂ ਅਸਲ ਵਿੱਚ ਹੀ ਕੰਕਰੀਟ ਮਿਕਸਰ ਪਲਾਂਟ ਖਤਰਨਾਕ ਹਵਾ ਪ੍ਰਦੂਸ਼ਣ ਕਰਦਾ ਹੈ। ਸਰਦਾਰ ਚਰਨਜੀਤ ਸਿੰਘ ਚੰਨੀ ਨੇ ਭਰੋਸਾ ਦਵਾਇਆ ਕਿ ਜੇਕਰ ਦੋਨਾਂ ਧਿਰਾਂ ਵਿੱਚ ਕੋਈ ਸਹਿਮਤੀ ਨਹੀਂ ਬਣਦੀ ਹੈ ਤਾਂ ਮੈਂ ਪਿੰਡ ਵਾਸੀਆਂ ਦੇ ਨਾਲ ਖੜਾ ਹਾਂ। ਜੇ ਮੇਰੇ ਹਲਕੇ ਦੇ ਮੇਰੇ ਇਹ ਆਪਣੇ ਲੋਕ ਮੈਨੂੰ ਆਪਣੇ ਨਾਲ ਸੜਕਾਂ ਦੇ ਉੱਤੇ ਭੁੰਜੇ ਬਿਠਾਉਣਗੇ ਤਾਂ ਮੈਂ ਉੱਥੇ ਵੀ ਇਹਨਾਂ ਦੇ ਨਾਲ ਬੈਠਣ ਦੇ ਲਈ ਤਿਆਰ ਹਾਂ। ਇਸ ਵੇਲੇ ਪਿੰਡ ਵਾਸੀਆਂ ਨੇ ਸਰਦਾਰ ਚਰਨਜੀਤ ਸਿੰਘ ਚੰਨੀ ਹੋਰਾਂ ਵੱਲੋਂ ਦਿੱਤੇ ਭਰੋਸੇ ਉੱਤੇ ਉਹਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਦੀਪ ਸਿੰਘ ਦੀਪੂ ਸਰਪੰਚ ਗ੍ਰਾਮ ਪੰਚਾਇਤ ਢੰਗਰਾਲੀ ਹਰਜੋਤ ਸਿੰਘ, ਪਟਵਾਰੀ ਸੋਹਣ ਸਿੰਘ, ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ ਬਿੰਦਾ ਖੈਰਪੁਰ, ਲੰਬੜਦਾਰ ਗੁਰਮੀਤ ਸਿੰਘ, ਸੱਜਣ ਸਿੰਘ ਖੈਰਪੁਰ , ਗੁਰਪ੍ਰੀਤ ਸਿੰਘ, ਚੰਦ ਸਿੰਘ, ਵਰਿੰਦਰਜੀਤ ਸਿੰਘ, ਬਾਬਾ ਮਨਜੀਤ ਸਿੰਘ, ਮੇਵਾ ਸਿੰਘ, ਗੁਰਦੇਵ ਸਿੰਘ ਕਾਕਾ, ਰਣਜੀਤ ਸਿੰਘ ਰਾਣਾ ਉਜਾਗਰ ਸਿੰਘ ,ਲਾਭ ਸਿੰਘ,ਸ਼ਮਸ਼ੇਰ ਸਿੰਘ ਸਰਾਓ, ਭਿੰਦਾ ਸਿਟੀਯੂ, ਜੋਗਾ ਸਿੰਘ, ਰੁਲਦਾ ਸਿੰਘ ਮੋਹਣ ਸਿੰਘ ਸਰਾਓ, ਚੌਕੀਦਾਰ ਮੋਹਨ ਸਿੰਘ, ਸੂਬੇਦਾਰ ਭਾਗ ਸਿੰਘ, ਲਖਬੀਰ ਸਿੰਘ ਫੌਜੀ, ਦਲਜੀਤ ਸਿੰਘ ਗੁਰਦੀਪ ਸਿੰਘ, ਨਿਰਮਲ ਸਿੰਘ ਖਾਲਸਾ ਸਾਊਂਡ ਅਮਰਜੀਤ ਸਿੰਘ ਬਬਲੀ, ਸ਼ਮਸ਼ੇਰ ਸਿੰਘ ਸਰਾਓ, ਅਵਤਾਰ ਸਿੰਘ ਬਾਠ ਤਰਲੋਚਨ ਸਿੰਘ ਜੋਗਾ ਸਿੰਘ ਰਣਜੋਧ ਸਿੰਘ, ਓਂਕਾਰ ਸਿੰਘ, ਹਰਜੀਤ ਸਿੰਘ ਸਰਾਓ, ਰਾਜਵਿੰਦਰ ਸਿੰਘ ਕੰਗ ਰਣਜੀਤਪੁਰਾ ਆਦਿ ਨੇ ਸਮੂਲੀਅਤ ਕੀਤੀ।

# ਕਮਿਸਟਰੀ ਲੈਕਚਰਾਰ ਸ਼੍ਰੀ ਸੰਦੀਪ ਅਰੋੜਾ ਦੀ ਸੇਵਾ ਮੁਕਤੀ' ਤੇ ਮੌਕੇ ਵਿਦਾਇਗੀ ਸਮਾਰੋਹ ਆਯੋਜਿਤ



**ਕਪੂਰਥਲਾ, 3 ਮਈ ( ਕੌੜਾ )–** ਡਾਇਟ ਸ਼ੇਖੂਪੁਰ ਕਪੂਰਥਲਾ ਵਿੱਚ ਸੇਵਾ ਨਿਭਾ ਰਹੇ ਲੈਕਚਰਾਰ ਕਮਿਸਟਰੀ ਸ਼੍ਰੀ ਸੰਦੀਪ ਅਰੋੜਾ ਦੀ 38 ਸਾਲ ਦੀ ਸੇਵਾ ਉਪਰੰਤ ਸੇਵਾ ਮੁਕਤੀ ਤੇ ਉਨ੍ਹਾਂ ਨੂੰ ਨਿਘੀ ਵਿਦਾਇਗੀ ਦੇਣ ਲਈ ਸੰਸਥਾ ਦੇ ਪ੍ਰਿੰਸੀਪਲ ਸ਼੍ਰੀ ਮਤੀ ਸਪਨਾ ਗੁਪਤਾ ਦੀ ਅਗਵਾਈ ਵਿੱਚ ਇਕ ਸਮਾਗਮ ਕਰਵਾਇਆ ਗਿਆ।ਜਿਸ ਵਿੱਚ ਪ੍ਰਿੰਸੀਪਲ ਸ੍ਰੀ ਮਤੀ ਸਪਨਾ ਗੁਪਤਾ ਨੇ ਸ਼੍ਰੀ ਸੰਦੀਪ ਅਰੋੜਾ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਉਨ੍ਹਾਂ ਦੀ ਧਰਮ ਪਤਨੀ ਸ਼੍ਰੀ ਮਤੀ ਪ੍ਰੀਤੀ ਅਰੋੜਾ, ਸਪੁਤਰ ਚਿਰਾਗ ਅਰੋੜਾ, ਸੁਰਿਆ ਅਰੋੜਾ, ਵਡੇ ਭਰਾ ਸ਼੍ਰੀ ਪ੍ਰਦੀਪ ਅਰੋੜਾ ਅਤੇ ਪਿਤਾ ਸ਼੍ਰੀ ਕ੍ਰਿਸ਼ਨ ਕੁਮਾਰ ਅਰੋੜਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਤੇ ਸ਼੍ਰੀ ਹਰਵਿੰਦਰ ਭੰਡਾਲ, ਲੈਕਚਰਾਰ ਅੰਗਰੇਜ਼ੀ ਦੀ ਦੇਖਰੇਖ ਵਿੱਚ ਸੰਸਥਾ ਦੇ ਵਿਦਿਆਰਥੀਆਂ ਵਲੋਂ ਬਹੁਤ ਹੀ ਵਧੀਆ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਸ਼੍ਰੀ ਮਤੀ ਰਜਨੀ ਵਾਲੀਆ ਨੇ ਬਹੁਤ ਹੀ ਸੁੰਦਰ ਕਵਿਤਾ ਦੀ ਪੇਸ਼ਕਾਰੀ ਕੀਤੀ।ਦਸਣਯੋਗ ਹੈ ਕਿ 38 ਸਾਲ ਦੀ ਸੇਵਾ ਦੌਰਾਨ ਸ਼੍ਰੀ ਸੰਦੀਪ ਅਰੋੜਾ ਨੇ ਪਹਿਲੇ 8 ਸਾਲ ਸ਼ੂਗਰ ਇੰਡਸਰੀ ਅਤੇ ਬਾਅਦ ਵਿੱਚ 30 ਸਾਲ ਸਿੱਖਿਆ ਵਿਭਾਗ ਪੰਜਾਬ ਵਿੱਚ ਸੇਵਾ ਨਿਭਾਈ। ਸੰਦੀਪ ਅਰੋੜਾ ਨੇ ਸਿੱਖਿਆ ਵਿਭਾਗ ਵਲੋਂ ਪ੍ਰਇਮਰੀ ਸਿੱਖਿਆ ਵਿੱਚ ਕੁਆਲਟੀ ਐਜੂਕੇਸ਼ਨ ਲਈ ਚਲਾਏ ਗਏ ਵਿਸ਼ੇਸ਼ ਪ੍ਰੋਜੈਕਟਾਂ ਜਿਵੇਂ ਕਿ 'ਪੜ੍ਹੋ ਪੰਜਾਬ', 'ਅਬੈਕਸ ਐਜੂਕੇਸ਼ਨ' ਅਤੇ ਅੰਗਰੇਜ਼ੀ ਪਾਇਲਟ ਪ੍ਰੋਜੈਕਟ ਵਿੱਚ ਬਤੌਰ ਜ਼ਿਲਾ ਕੋਆਰਡੀਨੇਟਰ ਵਜੋਂ ਸ਼ਾਨਦਾਰ ਕੰਮ ਕੀਤਾ।ਉਨ੍ਹਾ ਦੀ ਸੇਵਾ ਮੁਕਤੀ ਤੇ ਸ਼੍ਰੀ ਗੁਰਚਰਨ ਸਿੰਘ ਚਾਹਲ,ਪ੍ਰਿੰਸੀਪਲ ਕਾਲਾ ਸੰਘਿਆਂ,ਅਸ਼ਵਨੀ ਸੈਨੀ ਰਿਟਾਇਰਡ ਲੈਕਚਰਾਰ ਅਤੇ ਸ਼੍ਰੀ ਮਤੀ ਸੀਮਾ ਮੋਗਲਾ ਰਿਟਾਇਰਡ ਮਿਸਟ੍ਰੈਸ ਨੇ ਸੰਦੀਪ ਅਰੋੜਾ ਵਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ।ਸੰਸਥਾ ਦੀ ਮੁਖੀ ਸ਼੍ਰੀ ਮਤੀ ਸਪਨਾ ਗੁਪਤਾ ਅਤੇ ਸਟਾਫ ਵਲੋਂ ਸੰਦੀਪ ਅਰੋੜਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾ ਨੂੰ ਸਨਮਾਨਿਤ ਕੀਤਾ ਗਿਆ। ਚਿਰਾਗ ਅਰੋੜਾ ਵਲੋਂ ਡਾਇਟ ਸ਼ੇਖੂਪੁਰ ਦੇ ਪ੍ਰਿੰਸੀਪਲ ਅਤੇ ਸੰਸਥਾ ਦੀ ਸਮੂਚੀ ਟੀਮ ਅਤੇ ਆਏ ਹੋਏ ਸਜਣਾਂ ਦਾ ਧੰਨਵਾਦ ਕੀਤਾ ਗਿਆ, ਅਤੇ ਇਸ ਮੌਕੇ ਤੇ ਸ਼੍ਰੀ ਅਰਵਿੰਦਰ ਪਾਲ ਸਿੰਘ ਲੈਕਚਰਾਰ ਸ਼੍ਰੀ ਮੁਕਤਸਰ ਸਾਹਿਬ ਤੋਂ ਉਚੇਚੇ ਤੋਰ ਤੇ ਪੁੱਜੇ।ਇਸ ਮੋਕੇ ਤੇ ਸੰਸਥਾ ਦੇ ਸਟਾਫ ਮੈਂਬਰ ਸ਼੍ਰੀ ਮਤੀ ਨੀਲਮ ਵਰਮਾ, ਰੁਪਿੰਦਰ ਕੋਰ, ਅਸ਼ਵਨੀ ਕੁਮਾਰ, ਮੰਗਲ ਸਿੰਘ ਤੋਂ ਇਲਾਵਾ ਪਰਿਵਾਰਕ ਮੈਂਬਰ ਵਿਨੋਦ ਬਾਲਾ, ਪੂਨਮ ਅਰੋੜਾ, ਨੀਰੂ ਅਰੋੜਾ, ਸਾਨਵੀ ਅਰੋੜਾ,ਰਾਜਨ ਮੋਗਲਾ, ਸ਼੍ਰੀ ਕਰਮਜੋਤ ਸਿੰਘ, ਰਜਿੰਦਰਪਾਲ, ਅਮਰੀਕ ਸਿੰਘ, ਪ੍ਰਵੀਨ ਸ਼ਰਮਾ, ਗੁਲਸ਼ਨ ਕੁਮਾਰ ਆਦਿ ਹਾਜ਼ਰ ਸਨ।

# ਵਿੱਦਿਆ ਸ਼ੇਰਨੀ ਦਾ ਦੁੱਧ ਹੈ ਜੋ ਪੀਏਗਾ ਉਹੀ ਦਹਾੜੇਗਾ... ਤਲਵੰਡੀ



**ਬੰਗਾ 3 ਮਈ (ਚਰਨਜੀਤ ਸੱਲ੍ਹਾ )** ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਬਹਿਰਾਮ ਵਲੋਂ ਬਾਬਾ ਸਾਹਿਬ ਅੰਬੇਡਕਰ ਜੀ ਦਾ 135ਵਾ ਜਨਮ ਦਿਨ ਮਨਾਇਆ ਗਿਆ ਜਿਸ ਵਿੱਚ ਮੁੱਖ ਬੁਲਾਰੇ ਮਾਸਟਰ ਸੋਮ ਨਾਥ ਜੀ ਫਗਵਾੜਾ ਅਤੇ ਧਰਮ ਪਾਲ ਤਲਵੰਡੀ ਹਾਜ਼ਰ ਹੋਏ ਦੋਹਾਂ ਬੁਲਾਰਿਆਂ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਦੀ ਵਿਸਥਾਰ ਪੂਰਵਕ ਵਿਆਖਿਆ ਕੀਤੀ ਅਤੇ ਉਨ੍ਹਾਂ ਨੇ ਬੱਚਿਆਂ ਨੂੰ ਉਚੇਰੀ ਸਿੱਖਿਆ ਪ੍ਰਾਪਤ ਕਰਨ ਅਤੇ ਆਪਣਾ ਰਾਜ ਭਾਗ ਸਥਾਪਿਤ ਕਰਨ ਤੇ ਜ਼ੋਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਵਿੱਦਿਆ ਸ਼ੇਰਨੀ ਦਾ ਦੁੱਧ ਹੈ ਜੋ ਪੀਏਗਾ ਉਹੀ ਦਹਾੜੇਗਾ। ਬਾਬਾ ਸਾਹਿਬ ਅੰਬੇਡਕਰ ਜੀ ਨੇ ਸਵਿਧਾਨ ਵਿੱਚ ਔਰਤਾਂ , ਬੱਚਿਆਂ ਅਤੇ ਭਾਰਤ ਦੇ ਸਾਰੇ ਵਰਗਾਂ ਦੇ ਹੱਕਾਂ



ਹਿਤਾਂ ਗੱਲ ਕੀਤੀ ਹੈ। ਸਟੇਜ ਸਕੱਤਰ ਦੀ ਸੇਵਾ ਸਰਬ ਸ੍ਰੀ ਰਾਮ ਸਿੰਘ ਢਾਹਾਂ ਨੇ ਨਿਭਾਈ ਇਸ ਮੌਕੇ ਤੇ ਸ੍ਰੀ ਰੇਸ਼ਮ ਲਾਲ ਮੱਲ੍ਹਾ,ਓਸਿ ਪਰਮਜੀਤ ਬਹਿਰਾਮ, ਸ੍ਰੀ ਕੇਵਲ ਕ੍ਰਿਸ਼ਨ ਬਹਿਰਾਮ, ਸ੍ਰੀ ਬਲਕਾਰ ਜੀ ਚੱਕ ਮੰਡੇਰ, ਅਮਰਜੀਤ ਬੀਸਲਾ, ਪਟਵਾਰੀ ਜੀ ਅਤੇ ਬੀਬੀਆਂ ਭੈਣਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ ਇਸ ਮੌਕੇ ਤੇ ਟਰੱਸਟ ਵੱਲੋਂ ਆਏ ਮਹਿਮਾਨਾਂ ਨੂੰ ਲੋਈ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ ।ਪ੍ਰਬੰਧਕਾ ਸੰਗਤਾਂ ਲਈ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ ਸੀ।

# ਪੰਜਾਬ ਭਰ 'ਚੋਂ ਤੀਜੇ ਨੰਬਰ ਤੇ ਰਹੀ ਵਾਲੀਵਾਲ ਦੀ ਟੀਮ ਨੂੰ ਅੱਜ ਜਥੇਦਾਰ ਦਾਦੂਵਾਲ ਜੀ ਨੇ ਕੀਤਾ ਸਨਮਾਨਿਤ

## ਜਥੇਦਾਰ ਦਾਦੂਵਾਲ ਜੀ ਨੇ ਟੀਮ ਨੂੰ 12 ਖੇਡ ਕਿੱਟਾਂ ਅਤੇ 6 ਵਾਲੀਵਾਲ ਖੇਡ ਬਾਲਾਂ ਦੇਣ ਦਾ ਕੀਤਾ ਐਲਾਨ







**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਭਰ ਦੇ ਵਾਲੀਵਾਲ ਖੇਡ ਮੁਕਾਬਲਿਆਂ 'ਚੋਂ ਤੀਜੇ ਨੰਬਰ ਤੇ ਰਹੀ ਟੀਮ ਨੂੰ ਅੱਜ ਪਿੰਡ ਜੋਗੇਵਾਲਾ ਜ਼ਿਲ੍ਹਾ ਬਠਿੰਡਾ ਵਿਖੇ ਵਿਸ਼ੇਸ਼ ਸਨਮਾਨ ਸਮਾਗਮ ਵਿੱਚ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ ਸਰਟੀਫਿਕੇਟ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਜਥੇਦਾਰ ਦਾਦੂਵਾਲ ਜੀ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬਠਿੰਡਾ ਦੇ ਪਿੰਡ ਗਾਟਵਾਲੀ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਬਲਜਿੰਦਰ ਸਿੰਘ ਵਾਲੀਵਾਲ ਕੋਚ ਵੱਲੋਂ ਬੱਚਿਆਂ ਨੂੰ ਚੰਗੇ ਤਰੀਕੇ ਨਾਲ ਤਰਾਸ਼ ਕੇ ਖੇਡ ਲਈ ਤਿਆਰ ਕੀਤਾ ਸੀ ਤੇ ਇਨ੍ਹਾਂ 6 ਬੱਚਿਆਂ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕਰਦਿਆਂ ਪੂਰੇ ਪੰਜਾਬ ਦੇ ਖੇਡ ਮੁਕਾਬਲਿਆਂ ਵਿੱਚੋਂ ਤੀਜੀ ਪੁਜੀਸ਼ਨ ਨੂੰ ਪ੍ਰਾਪਤ ਕੀਤਾ । ਕੋਚ ਬਲਜਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਸੀ ਕਿ ਪੰਜਾਬ ਦੇ 23 ਜ਼ਿਲ੍ਹਿਆਂ ਅਤੇ 4 ਅਕੈਡਮੀਆਂ ਦੀਆਂ ਕੁੱਲ 27 ਟੀਮਾਂ ਵੱਲੋਂ ਭਾਗ ਲਿਆ ਗਿਆ ਸੀ ਜਿਨ੍ਹਾਂ ਵਿੱਚੋਂ ਇਸ ਟੀਮ ਨੇ ਤੀਜੀ ਪੁਜੀਸ਼ਨ ਨੂੰ ਪ੍ਰਾਪਤ ਕੀਤੀ ਹੈ । ਜਥੇਦਾਰ ਦਾਦੂਵਾਲ ਜੀ ਵੱਲੋਂ ਇਹਨਾਂ ਬੱਚਿਆਂ ਦਾ ਹੌਂਸਲਾ ਵਧਾਉਣ ਵਾਸਤੇ 6 ਵਾਲੀਵਾਲ ਖੇਡ ਬਾਲਾਂ ਅਤੇ 12 ਖੇਡ ਕਿੱਟਾਂ ਆਪਣੇ ਸੁੱਖ ਸੇਵਾ ਸਿਮਰਨ ਟ੍ਰਸਟ ਰਜਿਸਟਰਡ ਵੱਲੋਂ ਦੇਣ ਦਾ ਐਲਾਨ ਕੀਤਾ। ਨਗਰ ਪੰਚਾਇਤ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਜਥੇਦਾਰ ਦਾਦੂਵਾਲ ਜੀ ਨੂੰ ਸਿਰੋਪਾਓ ਸਨਮਾਨ ਚਿੰਨ੍ਹ ਭੇਟ ਕਰਕੇ ਵਿਸ਼ੇਸ਼ ਸਨਮਾਨ ਅਤੇ ਧੰਨਵਾਦ ਕੀਤਾ। ਇਸ ਸਮੇਂ ਨਗਰ ਜੋਗੇਵਾਲਾ ਗੁਰੂਘਰ ਦੇ ਗ੍ਰੰਥੀ ਗਿਆਨੀ ਕੁਲਦੀਪ ਸਿੰਘ, ਪ੍ਰਧਾਨ ਬਲਜੀਤ ਸਿੰਘ, ਜਗਦੇਵ ਸਿੰਘ ਬਲਾਕ ਸੰਮਤੀ ਮੈਂਬਰ, ਨਿਰਮਲ ਸਿੰਘ ਮੱਲੜੀ, ਬਾਬਾ ਅਰਜਨ ਸਿੰਘ ਲਹਿਰੀ, ਗੁਰਦੀਪ ਸਿੰਘ ਕਲੱਬ ਪ੍ਰਧਾਨ, ਦਲਜੀਤ ਸਿੰਘ ਨੰਬਰਦਾਰ, ਗੁਰਸੇਵਕ ਸਿੰਘ ਮੈਂਬਰ, ਅਮਰੀਕ ਸਿੰਘ ਮੈਂਬਰ, ਸਤਪਾਲ ਸਿੰਘ ਮੈਂਬਰ, ਸੁਰਿੰਦਰ ਸਿੰਘ ਮੈਂਬਰ, ਰਜਿੰਦਰ ਸਿੰਘ ਮੈਂਬਰ, ਅਮਰੀਕ ਸਿੰਘ ਸਾਬਕਾ ਮੈਂਬਰ, ਕਰਤਾਰ ਸਿੰਘ ਸਾਬਕਾ ਸਰਪੰਚ, ਜਗਮੇਲ ਸਿੰਘ ਸਾਬਕਾ, ਨਾਇਬ ਸਿੰਘ ਸਾਬਕਾ ਸਰਪੰਚ ਮੱਲੜੀ, ਅਧਿਆਪਕ ਬਲਜਿੰਦਰ ਸਿੰਘ ਵਾਲੀਵਾਲ ਕੋਚ ਅਤੇ ਉਹਨਾਂ ਦੀ ਧਰਮ ਸੁਪਤਨੀ ਅਧਿਆਪਕ ਸ਼ਮਿੰਦਰਜੀਤ ਕੌਰ ਵੀ ਹਾਜ਼ਰ ਸਨ।

# ਭੂਮੀ ਅਤੇ ਜਲ ਸੰਭਾਲ ਖੇਤੀਬਾੜੀ,ਬਾਗਵਾਨੀ ਵਿਭਾਗ ਵਿੱਚ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਪਦ ਉਨਤੀ ਵਿੱਚ ਹੋ ਰਹੀਆਂ ਧਾਂਦਲੀਆਂ ਸਬੰਧੀ ਐਮ.ਪੀ ਡਾ.ਰਾਜ ਕੁਮਾਰ ਚੱਬੇਵਾਲ ਨੂੰ ਦਿੱਤਾ ਮੰਗ ਪੱਤਰ

## 10/07/1995 ਦੀ ਸੰਵਿਧਾਨਿਕ ਰਿਪੋਰਟ ਦੀਆਂ ਹਦਾਇਤਾਂ ਨੂੰ ਪਦ ਉਨਤੀਆਂ ਦੌਰਾਨ ਜੇਕਰ ਲਾਗੂ ਨਾਂ ਕੀਤਾ ਤਾਂ ਕਰਾਂਗੇ ਸੰਘਰਸ਼ – ਘੇੜਾ / ਭੁੱਲਾਰਾਈ



**ਫਗਵਾੜਾ 3 ਮਈ (ਚਰਨਜੀਤ ਸੱਲ੍ਹਾ )** ਫਗਵਾੜਾ ਵਿਖੇ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੂੰ ਬਹੁਜਨ ਸੰਘਰਸ਼ ਆਰਗਨਾਈਜੇਸ਼ਨ ਆਫ ਇੰਡੀਆ ਦਾ ਵਫਦ ਅਤੇ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਅਫ਼ਸਰ ਮਿਲੇ। ਜਿਸ ਵਿੱਚ ਅਲੱਗ-ਅਲੱਗ ਸਰਕਾਰੀ ਅਦਾਰਿਆਂ ਅੰਦਰ ਰਿਜ਼ਰਵ ਅਧਿਕਾਰੀਆਂ ਨਾਲ ਹੋ ਰਹੀਆਂ ਬੇਇਨਸਾਫੀਆਂ ਤੋਂ ਜਾਣੂ ਕਰਵਾਇਆ ਗਿਆ। ਭੂਮੀ ਅਤੇ ਜਲ ਸੰਭਾਲ ਵਿਭਾਗ ਵਿੱਚ ਭੂਮੀ ਰੱਖਿਆ ਅਫ਼ਸਰ ਤੋਂ ਉਪ ਮੰਡਲ ਭੂਮੀ ਰੱਖਿਆ ਅਫ਼ਸਰ ਦੀਆਂ ਪਦਉਨਤੀਆ ਵਿੱਚ ਰਿਜਰਵੇਸ਼ਨ ਨੀਤੀ ਦੀ ਉਲੰਘਣਾ ਕੀਤੀ ਗਈ ਅਤੇ ਪੰਜ ਅਧਿਕਾਰੀ ਦਾ ਸ਼ਰੇਆਮ ਹੱਕ ਮਾਰਿਆ ਗਿਆ ਜਦੋਂ ਕਿ ਸਮਾਜਿਕ ਨਿਆ ਵਿਭਾਗ ਪੰਜਾਬ ਵੱਲੋਂ ਦਿੱਤੀਆਂ ਰੋਸਟਰ ਰਿਪੋਰਟਾਂ ਵਿੱਚ 5 ਪੋਸਟਾਂ ਭਰਨ ਸਬੰਧੀ ਕਈ ਵਾਰ ਹਦਾਇਤ ਕੀਤੀ ਗਈ ਹੈ। ਸੰਬੰਧਿਤ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਰਿਜ਼ਰਵੇਸ਼ਨ ਪਾਲਸੀ ਦੀਆਂ ਡੀਪੀਸੀ ਵਿੱਚ ਸ਼ਰੇਆਮ ਧੱਜੀਆਂ ਉਡਾਈਆਂ ਗਈਆਂ। ਖੇਤੀਬਾੜੀ ਵਿਭਾਗ ਵਿੱਚ ਖੇਤੀਬਾੜੀ ਵਿਕਾਸ ਅਫਸਰ ਤੋਂ ਖੇਤੀਬਾੜੀ ਅਫਸਰ ਦੇ 19 ਬੈਕਲਾਕ 2020 ਤੋਂ ਖਾਲੀ ਹਨ ਜਿਸ ਨੂੰ ਵੀ ਜਾਣ ਬੁੱਝ ਕੇ ਸੰਬੰਧਿਤ ਵਿਭਾਗ ਵੱਲੋਂ ਟਾਲ ਮਟੋਲ ਕੀਤਾ ਜਾ ਰਿਹਾ ਹੈ। ਬਾਗਬਾਨੀ ਵਿਭਾਗ ਵਿੱਚ ਵੀ ਸੀਨੀਅਰਤਾ ਤੇ ਪਦ ਉਨਤ ਹੋਣ ਵਾਲੇ ਅਧਿਕਾਰੀਆਂ ਨੂੰ ਰੋਸਟਰ ਪੁਆਇੰਟ ਤੇ ਦਰਸਾ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਅਨੁਸੂਚਿਤ ਜਾਤੀ ਦੇ ਅਧਿਕਾਰੀਆਂ ਦਾ ਹੱਕ ਮਾਰਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਿੱਖਿਆ ਵਿਭਾਗ ਵਿੱਚ ਵੀ ਕਾਫੀ ਲੰਬੇ ਸਮੇਂ ਤੋਂ ਬੈਕਲਾਗ ਰਿਪੋਰਟ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਵਿੱਚ ਸੰਬੰਧਿਤ ਅਧਿਕਾਰੀਆਂ ਵੱਲੋਂ ਇਸ ਬੇਇਨਸਾਫੀ ਵਿਰੁੱਧ ਗੁਹਾਰ ਲਗਾਈ ਗਈ ਜਿਸ ਵਿੱਚ ਕਮਿਸ਼ਨ ਵੱਲੋਂ ਵੀ ਭੂਮੀ ਰੱਖਿਆ ਵਿਭਾਗ ਦੇ 2014 ਤੋਂ ਰੋਸਟਰ ਰਜਿਸਟਰ ਵਿੱਚ ਖਾਮੀਆਂ ਪਾਈਆਂ ਗਈਆਂ।

ਇਸ ਮੌਕੇ ਬਹੁਜਨ ਸੰਘਰਸ਼ ਆਰਗਨਾਈਜੇਸ਼ਨ ਆਫ ਇੰਡੀਆ ਸੰਸਥਾਪਕ ਤੇ ਚੇਅਰਮੈਨ ਰਜਿੰਦਰ ਘੇੜਾ, ਪੰਜਾਬ ਦੇ ਪ੍ਰਧਾਨ ਧਰਮਿੰਦਰ ਸਿੰਘ ਭੁੱਲਾਰਾਈ ਅਤੇ ਮਨੀਸ਼ ਮਹਿਮੀ ਅਤੇ ਸੁਰਿੰਦਰ ਰਾਵਲਪਿੰਡੀ ਨੇ ਕਿਹਾ ਕਿ ਜੇਕਰ 10/07/1995 ਦੀ ਸੰਵਿਧਾਨਿਕ ਰਿਪੋਰਟ ਦੀਆਂ ਹਦਾਇਤਾਂ ਨੂੰ ਪਦ ਉਨਤੀਆਂ ਦੌਰਾਨ ਜੇਕਰ ਲਾਗੂ ਨਹੀਂ ਕੀਤਾ ਜਾਂਦਾ ਤਾਂ ਸੰਬੰਧਿਤ ਵਿਭਾਗ ਖਿਲਾਫ ਸੰਸਥਾ ਵੱਲੋਂ ਮੁੱਖ ਦਫਤਰ ਵਿਖੇ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਾਲ ਲੈ ਕੇ ਧਰਨਾ ਲਗਾਇਆ ਜਾਵੇ।

**ਤਸਵੀਰ ਸਮੇਤ**

# ਸਰਕਾਰੀ ਐਲੀਮੈਂਟਰੀ ਸਕੂਲ ਰਾਜਪੁਰ ਭਾਈਆਂ ਦੇ ਬੱਚਿਆਂ ਨੇ ਧਰਤੀ ਅਤੇ ਵਾਤਾਵਰਣ ਨੂੰ ਬਚਾਉਣ ਬਾਰੇ ਸੁਨੇਹਾ ਦਿੱਤਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੀਆਈਪੀਟੀ ਨੇ ਸਰਕਾਰੀ ਸਕੂਲ, ਰਾਜਪੁਰ ਭਾਈਆਂ ਵਿਖੇ ਧਰਤੀ ਦਿਵਸ ਮਨਾਉਣ ਲਈ ਇੱਕ ਸਮਾਗਮ ਦਾ ਆਯੋਜਨ ਕੀਤਾ। ਸਕੂਲ ਦੀ ਮੁੱਖ ਅਧਿਆਪਕਾ ਗੁਰਜੀਤ ਦੇਵੀ, ਈਟੀਟੀ ਅਧਿਆਪਕ ਜਗਦੇਵ ਸਿੰਘ, ਹੋਰ ਸਟਾਫ਼ ਮੈਂਬਰ ਅਤੇ ਬੱਚੇ ਮੌਜੂਦ ਸਨ। ਮੈਡਮ ਰੌਲੀ ਮਿਸ਼ਰਾ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਬੱਚਿਆਂ ਅਤੇ ਸਟਾਫ਼ ਨੂੰ ਸੰਸਥਾ ਦੀਆਂ ਗਤੀਵਿਧੀਆਂ ਅਤੇ ਧਰਤੀ ਨੂੰ ਬਚਾਉਣ ਅਤੇ ਵਧ ਰਹੇ ਤਾਪਮਾਨ ਨੂੰ ਘਟਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ। ਧਰਤੀ ਦਿਵਸ 'ਤੇ, ਖੇਤੀਬਾੜੀ ਵਿਭਾਗ ਤੋਂ ਡਾ. ਅਰਵਿੰਦ ਸਿੰਘ ਧੂਤ, ਡਾ. ਹਰਦੀਪ ਅਤੇ ਪ੍ਰਦੀਪ ਸਿੰਘ ਨੇ ਧਰਤੀ 'ਤੇ ਜੀਵਨ, ਕੀਮਤੀ ਧਰਤੀ, ਅਤੇ ਜੜ੍ਹੀਆਂ ਬੂਟੀਆਂ ਦੀ ਰੱਖਿਆ, ਧਰਤੀ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਵਾਤਾਵਰਣ ਸੰਭਾਲ ਦੀ ਮਹੱਤਤਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਕਿਹਾ ਕਿ ਖੇਤੀ ਕਰਦੇ ਸਮੇਂ, ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਧਣ ਤੋਂ ਲੈ ਕੇ ਵਾਢੀ ਤੱਕ ਘੱਟੋ-ਘੱਟ ਰਸਾਇਣਾਂ ਦੀ ਵਰਤੋਂ ਕੀਤੀ ਜਾਵੇ, ਅਤੇ ਜਦੋਂ ਵੀ ਸੰਭਵ ਹੋਵੇ ਅਸੀਂ ਰਵਾਇਤੀ ਅਤੇ ਜੈਵਿਕ ਖੇਤੀ ਨੂੰ ਤਰਜੀਹ ਦੇ ਕੇ ਗ੍ਰਹਿ ਨੂੰ ਬਚਾ ਸਕਦੇ ਹਾਂ। ਉਨ੍ਹਾਂ ਨੇ ਬੱਚਿਆਂ ਦੀ ਧਰਤੀ ਨੂੰ ਬਚਾਉਣ ਲਈ ਬਣਾਏ ਗਏ ਨਾਅਰਿਆਂ ਅਤੇ ਨਾਅਰਿਆਂ ਦੀ ਪ੍ਰਸ਼ੰਸਾ ਕੀਤੀ।

# ਪਿੰਡ ਗੋਸਲ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ 135 ਵਾਂ ਜਨਮ ਦਿਨ ਮਨਾਇਆ ਗਿਆ







**ਬੰਗਾ 3 ਮਈ (ਚਰਨਜੀਤ ਸੱਲ੍ਹਾ )** ਜਿਵੇਂ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਦੇਸ਼ ਵਿਦੇਸ਼ ਵਿੱਚ ਪੰਜਾਬ ਦੇ ਹਰੇਕ ਪਿੰਡ ਵਿਚ ਮਨਾਇਆ ਜਾ ਰਿਹਾ ਹੈ ਉਸ ਹੀ ਲੜੀ ਤਹਿਤ ਅੱਜ ਰਾਤ ਨੂੰ ਪਿੰਡ ਗੋਸਲ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ 135 ਵਾਂ ਜਨਮ ਦਿਨ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਡਾ ਕਸ਼ਮੀਰ ਚੰਦ ਅਤੇ ਡਾ ਹੀਰਾ ਜੀ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀਆਂ ਨਗਰ ਨਿਵਾਸੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਲੋਕਾਂ ਨੂੰ ਬਾਬਾ ਸਾਹਿਬ ਦੇ ਕਿਹਾ ਹੈ ਕਿ ਆਪਣੇ ਬੱਚਿਆਂ ਨੂੰ ਜ਼ਰੂਰ ਪੜ੍ਹਾਇਓ ਆਪ ਇੱਕ ਰੋਟੀ ਘੱਟ ਖਾ ਲੈਣੀ, ਤੁਹਾਡੇ ਸਭ ਦੁੱਖਾਂ ਦਾ ਹੱਲ ਹੋ ਜਾਣਾ ਹੈ। ਉਨ੍ਹਾਂ ਪਿੰਡ ਦੇ ਸੋਢੀ ਰਾਮ ਦੀ ਉਦਾਹਰਨ ਦਿੱਤੀ ਜਿਵੇਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਖਾਤਰ ਬਹੁਤ ਮਿਹਨਤ ਕਰਦਾ ਹੈ ਇਸ ਤਰ੍ਹਾਂ ਤੁਸੀਂ ਸਾਰੇ ਆਪਣੇ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਅੱਗੇ ਆਵੋ। ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ ਅਤੇ ਕਰਮਕਾਂਡਾ ਤੋਂ ਦੂਰ ਰਹੋ ਅਤੇ ਬਾਬਾ ਸਾਹਿਬ ਵਾਂਗ ਤਰਕਵਾਦੀ ਬਣੋਂ। ਵਿੱਕੀ ਬਹਾਦਰ ਕੇ ਨੂੰ ਇਹ ਕਹਿਣ ਦੀ ਲੋੜ ਨਹੀਂ ਕਿ ਮਿਸ਼ਨਰੀ ਗਾਇਕ ਉਸ ਨੇ ਆਪਣੀ ਗਾਇਕੀ ਵਿੱਚ ਹੀ ਸਭ ਕੁਝ ਦੱਸ ਦਿੱਤਾ। ਬਹਾਦਰ ਕੇ ਜੀ ਨੇ ਆਪਣੇ ਪ੍ਰੋਗਰਾਮ ਵਿੱਚ ਤਥਾਗਤ ਬੁੱਧ ਤੋਂ ਲੈਕੇ ਬਾਬਾ ਸਾਹਿਬ, ਸਾਹਿਬ ਕਾਸ਼ੀ ਰਾਮ ਜੀ ਤੱਕ ਜੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਵਾਰੇ ਬਹੁਤ ਖੋਲ ਕੇ ਦੱਸ ਦਿੱਤਾ।ਨਗਰ ਵਾਲੀ ਟੀਮ ਨੇ ਵੀ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ਼ ਆਪਣੀ ਕੋਰੀਓਗ੍ਰਾਫੀ ਵਿੱਚ ਬਹੁਤ ਕੁਝ ਵਿਆਨ ਕੀਤਾ।ਪੋਸੀ ਤੋਂ ਬੱਚਿਆਂ ਦੀ ਟੀਮ ਨੇ ਬਾਕਮਾਲ ਕੋਰੀਓਗ੍ਰਾਫੀ ਪੇਸ਼ ਕੀਤੀ। ਇਸ ਪ੍ਰੋਗਰਾਮ ਵਿੱਚ ਚਾਹੇ ਬਾਕੀ ਸਾਥੀਆਂ ਨੇ ਸਾਥ ਦਿੱਤਾ ਪਰ ਸੋਢੀ ਰਾਮ ਗੋਸਲ ਦਾ ਕੰਮ ਕਾਬਲੇ ਤਾਰੀਫ ਸੀ। ਇਸ ਮੌਕੇ ਤੇ ਡਾ ਕਸ਼ਮੀਰ ਚੰਦ,ਡਾ ਸੁਖਵਿੰਦਰ ਹੀਰਾ,ਡਾ ਅਮਰੀਕ ਸਿੰਘ,ਪ੍ਰਧਾਨ ਕਸ਼ਮੀਰ ਚੰਦ ਭੰਗੂ, ਸਤੀਸ਼ ਕੁਮਾਰ ਉਪ ਪ੍ਰਧਾਨ, ਸੋਢੀ ਰਾਮ ਕੈਸ਼ੀਅਰ, ਕਸ਼ਮੀਰ ਭੰਗੂ ਕੈਸ਼ੀਅਰ, ਪਰਮਿੰਦਰ ਗੋਸਲ, ਬਲਜੀਤ ਭੰਗੂ,ਸਤਪਾਲ ਭੰਗੂ ,ਮਨੀ ਭੰਗੂ ,ਸੰਤੋਸ਼ ਭੰਗੂ ,ਸੁਖਦੇਵ ਭੰਗੂ,ਹੰਸ ਰਾਜ ਭੰਗੂ , ਸੁਰਿੰਦਰ ਮੋਹਣ , ਪ੍ਰੋਫੈਸਰ ਕੁਲਵਿੰਦਰ ਬੰਗਾ , ਮਾਸਟਰ ਲਖਵਿੰਦਰ ਭੌਰਾ,ਮਾਸਟਰ ਬਲਿਰਾਮ, ਐਸ. ਡੀ. ਓ. ਗੁਰਮੇਲ ਮੋਰਾਂਵਲੀ, ਸੁਖਜੀਵਨ ਭੰਗੂ, ਸਰਪੰਚ ਕੁਲਵੰਤ, ਅਵਤਾਰ ਸਿੰਘ ਲੰਬੜਦਾਰ, ਚਰਨਜੀਤ ਸਿੰਘ ਸਾਬਕਾ ਸਰਪੰਚ,ਡਾ ਬੀ ਆਰ ਅੰਬੇਡਕਰ ਕਲੱਬ ਗੋਸਲ ਦੇ ਮੈਂਬਰ ਅਤੇ ਬੀਬੀਆਂ ਭੈਣਾਂ ਤੇ ਬੱਚਿਆਂ ਦੀ ਹਾਜ਼ਰੀ ਬਹੁਤ ਵੱਡੀ ਸੰਖਿਆ ਵਿੱਚ ਦੇਖਣ ਨੂੰ ਮਿਲੀ । ਸਟੇਜ ਸੈਕਟਰੀ ਦੀ ਮੁੱਖ ਭੂਮਿਕਾ ਮਾਸਟਰ ਲਖਵਿੰਦਰ ਭੌਰਾ ਨੇ ਬਾਖੂਬੀ ਨਿਭਾਈ ਅਤੇ ਬਹੁਤ ਜਾਣਕਾਰੀ ਮਿਸ਼ਨ ਵਾਰੇ ਰੱਖਦੇ ਸਨ।

# ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਨੇ ਬੁੱਧ ਪੂਰਨਿਮਾ ਦਾ ਪਵਿੱਤਰ ਦਿਵਸ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਰਹਿਨੁਮਾਈ 'ਚ ਮਨਾਇਆ

**● ਬੁੱਧ ਧੰਮ ਪਾਖੰਡਵਾਦ ਅਤੇ ਵਹਿਮਾ ਭਰਮਾਂ ਤੋਂ ਸਾਨੂੰ ਦੂਰ ਰੱਖਦਾ ਹੈ – ਬੁਲਾਰੇ ● ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਪ੍ਰਮੁੱਖ ਸਖਸ਼ੀਅਤਾਂ ਅਤੇ ਦਾਨੀ ਸੱਜਣਾ ਨੂੰ ਕੀਤਾ ਸਨਮਾਨਿਤ**





**ਫਗਵਾੜਾ 3 ਮਈ (ਚਰਨਜੀਤ ਸੱਲ੍ਹਾ)** ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਵਲੋਂ ਬੁੱਧ ਪੂਰਨਿਮਾ (ਬੁੱਧ ਜੈਅੰਤੀ ) ਦਾ ਪਵਿੱਤਰ ਦਿਵਸ ਡਾ.ਅੰਬੇਡਕਰ ਬੁਧਿੱਸਟ ਰਿਸੋਰਸ ਸੈਂਟਰ ਸੂੰਢ ਵਿਖੇ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਰਹਿਨੁਮਾਈ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਭੰਤੇ ਵਿਨੈ ਥੈਰੋ ਜੀ ਅਤੇ ਭੰਤੇ ਕੀਰਤ ਰਤਨ ਮਹਾਂ ਥੈਰੋ ਜੀ ਨੇ ਤ੍ਰੀਸ਼ਣ ਪੰਚਸ਼ੀਲ ਨਾਲ ਕੀਤੀ ਅਤੇ ਧੰਮ ਪ੍ਰਵਚਨ ਕੀਤੇ। ਸਮਾਗਮ ਵਿੱਚ ਮੁੱਖ ਮਹਿਮਾਨ ਮਹਿਮਾਨ ਵਜੋਂ ਚੋਧਰੀ ਮੋਹਨ ਲਾਲ ਬੰਗਾ ਅਤੇ ਸੋਢੀ ਰਾਮ ਝੱਲੀ ਸ਼ਾਮਲ ਹੋਏ। ਚੋਧਰੀ ਮੋਹਨ ਲਾਲ ਬੰਗਾ ਤੇ ਸੋਢੀ ਰਾਮ ਝੱਲੀ ਨੇ ਆਪਣੇ ਸੰਬੋਧਨ 'ਚ ਬੁੱਧ ਪੂਰਨਿਮਾ ਦੀ ਵਧਾਈ ਦਿੰਦਿਆ ਕਿਹਾ ਕਿ ਸਾਨੂੰ ਤਥਾਗਤ ਬੁੱਧ ਜੀ ਦੇ ਦਰਸਾਏ ਮਾਰਗ 'ਤੇ ਚੱਲਦਿਆ ਹਮੇਸ਼ਾ ਹੀ ਲੋੜਵੰਦਾਂ ਦੀ ਮੱਦਦ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਮੌਕੇ ਗੁਰਦਿਆਲ ਬੋਧ ਨੇ ਬੁੱਧ ਪੂਰਨਿਮਾ ਦੀ ਵਧਾਈ ਦਿੰਦਿਆ ਕਿਹਾ ਕਿ ਬੁੱਧ ਧੰਮ ਜਾਤਪਾਤ ਰਹਿਤ ਸਮਾਜ ਦਾ ਨਿਰਮਾਣ ਕਰਦਾ ਅਤੇ ਪਾਖੰਡਵਾਦ ਤੋਂ ਸਾਨੂੰ ਬਚਾਉਦਾ ਹੈ। ਬੋਧ ਨੇ ਕਿਹਾ ਕਿ ਬੁੱਧ ਧਰਮ ਨੂੰ ਆਪਣੇ ਜੀਵਨ ਵਿੱਚ ਅਪਨਾ ਕੇ ਸੁੱਖਮਈ ਜੀਵਨ ਬਤੀਤ ਕਰ ਸਕਦੇ ਹਾਂ।ਇਸ ਮੌਕੇ ਮੱਖਣ ਚੋਹਾਨ ਨੇ ਕਿਹਾ ਬੈਸਾਖ ਦੀ ਪੁੰਨਿਆ ਦਾ ਬੁੱਧ ਧੰਮ ਵਿੱਚ ਬਹੁਤ ਮਹੱਤਵ ਹੈ ਕਿਉਂਕਿ ਤਥਾਗਤ ਬੁੱਧ ਦਾ ਜਨਮ, ਤਥਾਗਤ ਨੂੰ ਗਿਆਨ ਦੀ ਪ੍ਰਾਪਤੀ ਅਤੇ ਪ੍ਰੀ ਨਿਰਮਾਣ ਨੂੰ ਪ੍ਰਾਪਤ ਹੋਣਾ ਇਹ ਤਿੰਨੇ ਘਟਨਾਵਾਂ ਵਿਸਾਖ ਦੀ ਪੁੰਨਿਆਂ ਨੂੰ ਵਾਪਰੀਆਂ ਹਨ। ਚੋਹਾਨ ਕਿਹਾ ਕਿ ਬੁੱਧ ਧੰਮ ਜਿੱਥੇ ਜਾਤ-ਪਾਤ ਰਹਿਤ ਸਮਾਜ ਦਾ ਨਿਰਮਾਣ ਕਰਦਾ ਹੈ, ਉੱਥੇ ਪਾਖੰਡਵਾਦ ਅਤੇ ਵਹਿਮਾ ਭਰਮਾਂ ਤੋਂ ਸਾਨੂੰ ਦੂਰ ਰੱਖਦਾ ਹੈ। ਇਸ ਮੌਕੇ ਗਾਇਕ ਹਰਮੇਸ਼ ਗਵਾਹਰ ਨੇ ਆਪਣੇ ਗੀਤਾਂ ਰਾਹੀਂ ਤਥਾਗਤ ਬੁੱਧ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਸੂੰਢ ਦੇ ਵਿਦਿਅਰਥੀਆਂ ਨੇ ਕਵਿਤਾਵਾਂ, ਗੀਤ ਅਤੇ ਕੋਰੀਓਗ੍ਰਾਫੀ ਰਾਹੀਂ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਜੀਵਨ ਤੇ ਸੰਘਰਸ਼ 'ਤੇ ਚਾਨਣਾ ਪਾਇਆ। ਇਸ ਮੌਕੇ ਰਮੇਸ਼ ਕੁਮਾਰ ਮੰਗੀ ਧੰਮਾ ਵਿੰਗ ਇੰਚਾਰਜ, ਬਲਵਿੰਦਰ ਢੰਡਾ ਆਸਟਰੀਆ, ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ, ਵਾਈਸ ਪ੍ਰਿੰਸੀਪਲ ਅੰਜਲੀ, ਮਨਜੋਤ ਲੌਂਗੀਆ, ਬਸਪਾ ਦੇ ਸੂਬਾ ਜਨਰਲ ਸਕੱਤਰ ਪ੍ਰਵੀਨ ਬੰਗਾ, ਰਮੇਸ਼ ਕੌਲ ਬਸਪਾ ਆਗੂ, ਚੇਅਰਮੈਨ ਰਜਿੰਦਰ ਘੇੜਾ, ਲੇਖਰਾਜ ਜਮਾਲਪੁਰ ਇੰਚਾਰਜ, ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ, ਹਰਬਲਾਸ ਬਸਰਾ ਉੱਪ ਪ੍ਰਧਾਨ, ਤਰਸੇਮ ਲਾਲ ਦੁੱਗ,ਅਮਰ ਚੰਦ ਅਟਾਰੀ, ਧਰਮਿੰਦਰ ਭੁੱਲਾਰਾਈ ਸੀਨੀਅਰ ਆਗੂ, ਮਨੀਸ਼ ਮਹਿਮੀ, ਮਨੀ ਅੰਬੇਡਕਰ, ਧਰਮਵੀਰ ਬੋਧ, ਐਡਵੋਕੇਟ ਪੀ.ਕੇ.ਸਰੋਆ, ਐਡਵੋਕੇਟ ਬਲਦੇਵ ਸਿੰਘ, ਐਡਵੋਕੇਟ ਸਨੀ ਦੇਵ, ਐਡਵੋਕੇਟ ਚੋਧਰੀ ਗੁਰ-ਦੇਵ, ਐਡਵੋਕੇਟ ਮਨਜੀਤ ਫਰਾਲਾ, ਐਡਵੋਕੇਟ ਆਰ.ਡੀ.ਰੱਤੇਵਾਲ, ਨਿਤਿਨ ਥਾਬਲਕੇ, ਨਰਿੰਦਰ ਬਿੱਲਾ ਸਾਬਕਾ ਸਰਪੰਚ, ਬਲਵਿੰਦਰ ਬੋਧ, ਸਰਪੰਚ ਕਮਲਜੀਤ ਮਾਹੀ, ਸੁਰਿੰਦਰ ਪਾਲ ਹੀਰਾ, ਅਮਨਦੀਪ ਕੌਂਸਲਰ ਫਗਵਾੜਾ, ਬੀ.ਕੇ.ਰੱਤੂ, ਲਖਵੀਰ ਬੰਗੜ੍ਹ, ਸੋਨੀਆ ਮੱਲ, ਪ੍ਰਕਾਸ਼ ਫਰਾਲਾ, ਇੰਜ.ਜਸਵੀਰ ਮੋਰੋ, ਰੂਪ ਲਾਲ ਹੈਡਮਾਸਟਰ, ਚਰਨਜੀਤ ਬਸਰਾ ਬੈਂਕ ਮੈਨੇਜਰ, ਜੀਤ ਰਾਮ, ਵਿਜੇ ਗੁਣਾਚੌਰ, ਗਗਨਦੀਪ ਕੌਰ, ਅੰਸ਼ੂਮਨ ਬਸਰਾ, ਪਰਮਜੀਤ ਸੂੰਢ, ਰਮੇਸ਼ ਸੂੰਢ ਤੋਂ ਇਲਾਵਾ ਹੋਰ ਵੀ ਧੰਮ ਉਪਾਸ਼ਕ ਹਾਜ਼ਰ ਸਨ। ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਦੇ ਪੰਜਵੀਂ ਅਤੇ ਅੱਠਵੀਂ ਕਲਾਸ ਪੁਜੀਸ਼ਨਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਅੰਤ ਵਿੱਚ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਬੁੱਧ ਪੂਰਨਿਮਾ ਸਮਾਗਮ ਵਿੱਚ ਪਹੁੰਚੇ ਮੁੱਖ ਮਹਿਮਾਨ, ਪ੍ਰਮੁੱਖ ਸਖਸ਼ੀਅਤਾਂ ਅਤੇ ਦਾਨੀ ਸੱਜਣਾ ਨੂੰ ਸਨਮਾਨਿਤ ਅਤੇ ਦਿਲ ਦੀਆ ਗਹਿਰਾਈਆ ਤੋਂ ਧੰਨਵਾਦ ਕੀਤਾ।

# ਮੀਮ ਭੀਮ ਖਾਲਸਾ ਸੰਗਠਨ ਅਤੇ ਸ਼੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਵਲੋਂ ਭਾਈ ਰਣਜੀਤ ਸਿੰਘ ਜੀ ਢੱਡਰੀਆਂ ਵਾਲੇ ਸਨਮਾਨਿਤ

## 31 ਮਈ ਤੰਬਾਕੂ ਵਿਰੋਧੀ ਦਿਵਸ ਪੰਜਾਬ ਸਰਕਾਰ ਬਾਬਾ ਜੈ ਸਿੰਘ ਖਲਕਟ ਨੂੰ ਸਮਰਪਿਤ ਕਰੇ – ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ

**ਲੁਧਿਆਣਾ ( ਵਤਨਪ੍ਰੀਤ ਬੋਪਾਰਾਏ )** ਮੀਮ ਭੀਮ ਖਾਲਸਾ ਸੰਗਠਨ ਅਤੇ ਸ਼੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਸਹਿਯੋਗ ਨਾਲ ਭਾਈ ਰਣਜੀਤ ਸਿੰਘ ਜੀ ਢੱਡਰੀਆਂ ਵਾਲੇ ਨੂੰ ਬਾਬਾ ਜੈ ਸਿੰਘ ਖਲਕਟ ਦੀ ਤਸਵੀਰ ਨਾਲ ਸਨਮਾਨਿਤ ਕਰਦਿਆ ਪ੍ਰਧਾਨ ਹਰਦੇਵ ਸਿੰਘ ਬੋਪਾਰਾਏ ਨੇ ਆਖਿਆ ਕਿ 31 ਮਈ ਨੂੰ ਤੰਬਾਕੂ ਵਿਰੋਧੀ ਦਿਵਸ ਪੰਜਾਬ ਸਰਕਾਰ ਵੱਲੋਂ ਮਨਾਇਆ ਜਾਂਦਾ ਹੈ ਅਤੇ ਉਸ ਦਾ ਪ੍ਰਚਾਰ ਪ੍ਰਸਾਰ ਵੀ ਕੀਤਾ ਜਾਂਦਾ ਹੈ। ਮੀਮ ਭੀਮ ਖਾਲਸਾ ਸੰਗਠਨ ਅਤੇ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਜਾਂਦੀ ਹੈ, ਕਿ ਜੋ ਇਹ ਦਿਨ ਸ਼ਹੀਦ ਬਾਬਾ ਜੈ ਸਿੰਘ ਖਲਕਟ ਨੂੰ ਸਮਰਪਿਤ ਕੀਤਾ ਜਾਵੇ। ਕਿਉਂਕਿ ਉਹਨਾਂ ਨੇ 1753 ਈ ਵਿੱਚ ਨਵਾਬ ਸਰਹੰਦ ਅਬਦੁਲ ਸਮੁੰਦ ਖਾਨ ਦੇ ਐਲਕਾਰਾਂ ਦਾ ਤੰਬਾਕੂ



(ਹੁੱਕਾ) ਚੁੱਕਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੀ ਸਜ਼ਾ ਵਜੋਂ ਬਾਬਾ ਜੈ ਸਿੰਘ ਖਲਕਟ ਨੂੰ ਦਰੱਖਤ ਨਾਲ ਪੁੱਠਾ ਟੰਗ ਕੇ ਉਸ ਦੀ ਪੁੱਠੀ ਖੱਲ ਉਤਾਰ ਦਿੱਤੀ ਗਈ ਸੀ। ਇਸ ਤੋਂ ਬਾਅਦ ਬਾਬਾ ਜੀ ਦੇ ਪੂਰੇ ਪਰਿਵਾਰ ਨੂੰ ਵੀ ਸਰਹੰਦ ਤੋਂ ਪਟਿਆਲਾ ਜਾਂਦੇ ਰਸਤੇ ਵਿੱਚ ਆਉਂਦੇ ਪਿੰਡ ਬਾਰਨ ਵਿਖੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਮਹਾਨ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ, ਕਿ ਇਸ ਦਿਨ ਨੂੰ ਪੰਜਾਬ ਸਰਕਾਰ 31 ਮਈ ਤੰਬਾਕੂ ਵਿਰੋਧੀ ਦਿਵਸ ਤੋਂ ਹਟਾ ਕੇ ਭਾਈ ਜੈ ਸਿੰਘ ਖੱਲਕੱਟ ਨੂੰ ਸਮਰਪਿਤ ਕਰੇ। ਇਸ ਮੌਕੇ ਹੋਰਨਾਂ ਤੋਂ ਇਲ-ਾਵਾ ਭਾਈ ਦਰਸ਼ਨ ਸਿੰਘ ਜੀ ਰਾਣਵਾ ਵਾਲੇ, ਪ੍ਰਭਜੋਤ ਸਿੰਘ ਇਆਲੀ, ਸੁਖਰਾਜ ਸਿੰਘ ਥਰੀਕੇ, ਅਮਰੀਕ ਸਿੰਘ ਸੰਧੂ, ਸਰੂਪ ਸਿੰਘ ਗਿੱਲ, ਦਲਜੀਤ ਸਿੰਘ ਥਰੀਕੇ, ਮਨਜੀਤ ਸਿੰਘ ਹਸਨਪੁਰ, ਸੁਖਦੇਵ ਸਿੰਘ ਹੈਪੀ ਮੁੱਲਾਂਪੁਰ, ਗੁਰਮੇਲ ਸਿੰਘ ਪੰਡੋਰੀ, ਆਕਾਸ਼ਦੀਪ ਸਿੰਘ, ਸੁਰਿੰਦਰ ਸਿੰਘ ਗਿੱਲ ਪ੍ਰਤਾਪ ਸਿੰਘ ਵਾਲਾ, ਮਨਜੀਤ ਸਿੰਘ ਲੁਹਾਰਾ, ਮੋਹਣ ਸਿੰਘ ਕਟਾਰੀਆ, ਜਰਨੈਲ ਸਿੰਘ ਖੱਟੜਾ ਆਦਿ ਹਾਜ਼ਰ ਸਨ।

# ਵਿਜੈ ਬੰਬੇਲੀ ਪਰਿਵਾਰ ਨੇ ਪਾਈ ਨਿਵੇਕਲੀ ਪਿਰਤ, ਦੇਸ਼ ਭਗਤ ਯਾਦਗਾਰ ਹਾਲ ਦੀ ਝੋਲੀ ਪਾਇਆ ਨਜ਼ਰਾਨਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਪਾਰੀਕਸਿਤ ਬੰਬੇਲੀ ਪੁੱਤਰ ਅਮਕੇਸ਼ ਵਿਜੈ ਬੰਬੇਲੀ ਨੇ ਆਪਣੀ ਜੀਵਨ ਸੰਗਨੀ ਪ੍ਰਿਅੰਕਾ ਨਾਲ, ਵਿਆਹ ਉਪਰੰਤ, ਗ਼ਦਰੀ ਬਾਬਿਆਂ ਦੇ ਧਰੋਹਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਮੁਬਾਰਕ ਜ਼ਿਆਰਤ ਸਮੇਂ, ਦੇਸ਼ ਭਗਤਾਂ ਨੂੰ ਸਿਜਦਾ ਕਰਨ ਉਪਰੰਤ ਵਰਕਰਾਂ ਲਈ ਸਾਈਕਲ ਅਤੇ ਲਿਫਟ ਕਾਰਜਾਂ ਲਈ ਯਥਾਯੋਗ ਰਕਮ ਭੇਂਟ ਕੀਤੀ। ਹਾਜ਼ਰ ਕਮੇਟੀ ਮੈਂਬਰਾਂ, ਸਟਾਫ ਤੇ ਹੋਰ ਹਾਜ਼ਰੀਨਾ ਨਾਲ ਬੰਬੇਲੀ ਪ੍ਰੀਵਾਰ ਦੇ ਇਸ ਸਮਾਰਕ ਅਤੇ ਇਸਦੀਆਂ ਗਤੀਵਿਧੀਆਂ ਤੇ ਸਰਗਰਮੀਆਂ ਨਾਲ ਸਾਂਝ ਬਾਰੇ ਭਾਵਪੂਰਤ ਸੰਵਾਦ ਰਚਾਇਆ ਅਤੇ ਯਕ ਯਹਿਤੀ ਦਾ ਸਦੀਵੀ ਅਹਿਦ ਪ੍ਰਗਟਾਇਆ ਗਿਆ। ਵਿਸ਼ੇਸ਼ ਕਰਕੇ ਰਸੋਈ ਅਤੇ ਦੇਸ਼ ਭਗਤ ਯਾਦਗਾਰ ਹਾਲ ਨਾ਼ਲ ਜੁੜਵੀਆਂ ਜ਼ਰੂਰਤਾਂ ਵਿਚ ਸਾਈਕਲ ਦੀ ਜ਼ਰੂਰਤ ਬਹੁਤ ਹੀ ਰੜਕਵੀਂ ਸੀ।



ਵਿਜੈ ਬੰਬੇਲੀ ਸਮੁੱਚੇ ਪਰਿਵਾਰ ਅਤੇ ਖਾਸ ਕਰਕੇ ਉਹਨਾਂ ਦੇ ਸਪੁੱਤਰ ਅਤੇ ਧੀਆਂ ਬਰਾਬਰ ਸਮਝੀ ਜਾਂਦੀ ਨੂੰਹ ਨੇ ਆਪਣੀ ਖੁਸ਼ੀ ਨਾ਼ਲ ਦੇਸ ਭਗਤ ਯਾਦਗਾਰ ਹਾਲ ਦੀਆਂ ਜ਼ਰੂਰਤਾਂ ਦੇ ਮੱਦੇਨਜ਼ਰ ਉਹਨਾਂ ਦੀ ਪੂਰਤੀ ਲਈ ਇਹ ਕਾਰਜ਼ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਅਦਾ ਕਰਦਿਆਂ ਖੁਸ਼ੀ ਮਹਿਸੂਸ ਕੀਤੀ। ਆਪਣੀ ਜ਼ਿੰਦਗੀ ਦੇ ਮੁਹੱਬਤਾਂ ਭਰੇ ਨਵੇਂ ਨਵੇਲੇ ਜੀਵਨ ਸਫ਼ਰ ਤੇ ਤੁਰਦਿਆਂ ਗ਼ਦਰ ਅਤੇ ਸਮੁੱਚੀ ਇਨਕਲਾਬੀ ਜਮਹੂਰੀ ਲਹਿਰ ਦੀ ਇਬਾਦਤ ਗਾਹ ਲਈ ਅਜੇਹਾ ਕਰਨਾ ਹੋਰਨਾਂ ਪਰਿਵਾਰਾਂ ਲਈ ਵੀ ਪ੍ਰੇਰਨਾਦਾਇਕ ਹੈ। ਜ਼ਿੰਦਗੀ ਦੇ ਮਹੱਤਵਪੂਰਣ ਪਲਾਂ ਦੀ ਸਾਂਝ ਅਜਿਹੇ ਕਾਰਜ਼ ਨਾ਼ਲ ਸੁਮੇਲਦੇ ਹੋਏ ਉਹਨਾਂ ਦੇ ਚਿਹਰਿਆਂ ਤੇ ਨਿਵੇਕਲਾ ਖੇੜਾ ਸੀ। ਦੇਸ਼ ਭਗਤ ਯਾਦਗਾਰ ਕਮੇਟੀ ਇਸ ਨਵੇਂ ਜੋੜੇ ਅਤੇ ਸਮੂਹ ਪਰਿਵਾਰ ਦੀ ਰਿਣੀ ਹੈ ਜਿਨ੍ਹਾਂ ਨੇ ਨਵੀਂ ਤਰਜ਼ ਦੀਆਂ ਨਵੀਆਂ ਪਿਰਤਾਂ ਪਾਈਆਂ। ਅਨੰਤ ਮੁਬਾਰਕ ਹੋਵੇ! ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸੀਨੀਅਰ ਟ੍ਰਸਟੀ ਸੁਰਿੰਦਰ ਕੁਮਾਰੀ ਕੋਛੜ, ਚਰੰਜੀ ਲਾਲ ਕੰਗਣੀਵਾਲ, ਪ੍ਰੋ. ਤਜਿੰਦਰ ਵਿਰਲੀ ਤੋਂ ਇਲਾਵਾ ਹਾਲ ਦਾ ਸਟਾਫ਼ ਵੀ ਇਸ ਨਵੀਂ ਨਿਵੇਲੀ ਪਿਰਤ ਮੌਕੇ ਸ਼ਾਮਲ ਹੋ ਕੇ ਖੁਸ਼ੀ ਮਹਿਸੂਸ ਕਰ ਰਿਹਾ ਸੀ।

# ਅਸੀਂ ਇੰਟਰਨੈਟ ਅਤੇ ਮੋਬਾਇਲ ਨਾਲ ਬੇਸ਼ੱਕ ਦੁਨੀਆ ਭਰ ਨਾਲ ਜੁੜ ਗਏ ਹਾਂ ਪਰ ਆਪਣੇ ਪ੍ਰੀਵਾਰ ਅਤੇ ਗੁਆਂਢੀਆ ਤੋਂ ਕੋਹਾਂ ਦੂਰ ਹੋ ਗਏ ਹਾਂ : ਮਾ. ਕੁਲਵਿੰਦਰ ਸਿੰਘ ਜੰਡਾ

**ਹੁਸ਼ਿਆਰਪੁਰ 3 ਮਈ ( ਤਰਸੇਮ ਦੀਵਾਨਾ )** – ਅੱਜ ਤੋਂ ਲੱਗਭਗ ਅੱਧੀ ਸਦੀ ਪਹਿਲਾਂ ਦਾ ਉਹ ਸੁਨਹਿਰੀ ਦੌਰ ਸੀ ਜਿਸ ਨੂੰ ਅੱਜ ਦੀ ਪੀੜ੍ਹੀ ਸਿਰਫ਼ ਕਿੱਸਿਆਂ-ਕਹਾਣੀਆਂ ਵਿੱਚ ਸੁਣਦੀ ਹੈ, ਅਸਲ ਵਿੱਚ ਲੱਗਭਗ 5 ਕੁ ਦਹਾਕੇ ਪਹਿਲਾਂ ਮਨੁੱਖੀ ਕਦਰਾਂ-ਕੀਮਤਾਂ ਦਾ ਸਿਖਰ ਸੀ। ਭਾਵੇਂ ਉਸ ਸਮੇਂ ਅੱਜ ਵਰਗੀਆਂ ਆਧੁਨਿਕ ਸਹੂਲਤਾਂ, ਤੇਜ਼ ਰਫ਼ਤਾਰ ਇੰਟਰਨੈੱਟ ਜਾਂ ਮਹਿੰਗੇ ਮੋਬਾਈਲ ਫ਼ੋਨ ਨਹੀਂ ਸਨ, ਪਰ ਲੋਕਾਂ ਦੇ ਦਿਲਾਂ ਵਿੱਚ ਇੱਕ-ਦੂਜੇ ਲਈ ਬੇਅੰਤ ਮੁਹੱਬਤ ਅਤੇ ਸਤਿਕਾਰ ਸੀ। ਉਸ ਸਮੇਂ ਦਾ ਮਹੌਲ ਅੱਜ ਦੇ "ਡਿਜੀਟਲ ਇਕਾਂਤ" ਤੋਂ ਬਿਲਕੁਲ ਉਲਟ ਸੀ ! ਇਹ ਸਬਦ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਕੌਮੀ ਮੀਤ ਪ੍ਰਧਾਨ ਅਤੇ ਸੱਭਿਆਚਾਰ ਸੰਭਾਲ ਸੁਸਾਇਟੀ ਰਜਿ. ਪੰਜਾਬ ਦੇ ਪ੍ਰਧਾਨ ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਕੁਝ ਚੋਣਵੇ ਪੱਤਰਕਾਰਾਂ ਨਾਲ ਇੱਕ ਪ੍ਰੈਸ



ਵਾਰਤਾ ਦੌਰਾਨ ਸਾਂਝੇ ਕੀਤੇ ! ਉਹਨਾਂ ਕਿਹਾ ਕਿ ਪਿੰਡਾਂ ਅਤੇ ਮੁਹੱਲਿਆਂ ਵਿੱਚ ਕੋਈ ਵੀ ਖ਼ੁਸ਼ੀ ਜਾਂ ਗ਼ਮੀ ਸਿਰਫ਼ ਇੱਕ ਪਰਿਵਾਰ ਦੀ ਨਹੀਂ, ਸਗੋਂ ਪੂਰੇ ਪਿੰਡ ਦੀ ਹੁੰਦੀ ਸੀ ਉਹਨਾ ਕਿਹਾ ਕਿ ਲੋਕ ਇੱਕ-ਦੂਜੇ ਦੇ ਘਰ ਬਿਨਾਂ ਦੱਸੇ ਚਲੇ ਜਾਂਦੇ ਸਨ। ਚਾਹ ਦੀ ਪਿਆਲੀ 'ਤੇ ਘੰਟਿਆਂ ਬੱਧੀ ਹੋਣ ਵਾਲੀਆਂ ਗੱਲਾਂ ਵਿੱਚ ਕੋਈ ਸੁਆਰਥ ਨਹੀਂ, ਸਗੋਂ ਆਪਣਾਪਨ ਹੁੰਦਾ ਸੀ। ਉਹਨਾਂ ਕਿਹਾ ਕਿ ਲੱਗਭਗ 50 ਸਾਲ ਪਹਿਲਾਂ "ਬੰਦਾ ਬੰਦੇ ਦੀ ਕਦਰ" ਕਰਦਾ ਸੀ। ਅੱਜ ਦੇ ਸਮੇਂ ਵਾਂਗ ਕਿਸੇ ਦੀ ਹੈਸੀਅਤ ਉਸਦੀ ਗੱਡੀ ਜਾਂ ਬੈਂਕ ਬੈਲੇਂਸ ਤੋਂ ਨਹੀਂ, ਸਗੋਂ ਉਸਦੇ ਕਿਰਦਾਰ ਅਤੇ ਜ਼ੁਬਾਨ ਤੋਂ ਮਾਪੀ ਜਾਂਦੀ ਸੀ ਅਤੇ ਉਸ ਸਮੇਂ ਹੱਥਾਂ ਵਿੱਚ ਮੋਬਾਈਲ ਨਹੀਂ ਸਨ, ਪਰ ਹੱਥਾਂ ਵਿੱਚ ਹੱਥ ਫੜ ਕੇ ਸਾਥ ਨਿਭਾਉਣ ਦਾ ਜਜ਼ਬਾ ਜ਼ਰੂਰ ਹੁੰਦਾ ਸੀ ! ਉਹਨਾਂ ਕਿਹਾ ਕਿ ਮਾਹਿਰਾਂ ਅਤੇ ਬਜ਼ੁਰਗਾਂ ਦਾ ਮੰਨਣਾ ਹੈ ਕਿ ਵੱਧਦੀ ਭੌਤਿਕਵਾਦੀ ਸੋਚ ਨੇ ਸਾਡੇ ਅੰਦਰੋਂ ਸਬਰ ਖ਼ਤਮ ਕਰ ਦਿੱਤਾ ਹੈ ! ਉਹਨਾ ਕਿਹਾ ਕਿ ਅਸੀਂ ਦੁਨੀਆ ਭਰ ਨਾਲ ਤਾਂ ਜੁੜ ਗਏ, ਪਰ ਆਪਣੇ ਪ੍ਰੀਵਾਰ ਅਤੇ ਗੁਆਂਢੀਆ ਤੋਂ ਦੂਰ ਹੋ ਗਏ। ਉਹਨਾਂ ਕਿਹਾ ਕਿ ਪਹਿਲਾਂ ਵਕਤ ਬਹੁਤ ਹੁੰਦਾ ਸੀ, ਹੁਣ ਕਿਸੇ ਕੋਲ 'ਸਮਾਂ ਨਹੀਂ ਹੈ ! ਉਹਨਾ ਕਿਹਾ ਕਿ ਰਿਸ਼ਤਿਆਂ ਦੀ ਥਾਂ ਪੈਸੇ ਅਤੇ ਸਹੂਲਤਾਂ ਨੇ ਲੈ ਲਈ ਹੈ। ਉਹਨਾ ਕਿਹਾ ਕਿ ਬੇਸ਼ੱਕ ਅਸੀਂ ਵਿਗਿਆਨਕ ਤੌਰ 'ਤੇ ਬਹੁਤ ਤਰੱਕੀ ਕਰ ਲਈ ਹੈ, ਪਰ ਉਹ 50 ਸਾਲ ਪਹਿਲਾਂ ਵਾਲਾ ਸਕੂਨ" ਅੱਜ ਵੀ ਕਿਤੇ ਨਾ ਕਿਤੇ ਸਾਡੀਆਂ ਯਾਦਾਂ ਦਾ ਹਿੱਸਾ ਹੈ। ਜੇਕਰ ਅਸੀਂ ਅੱਜ ਵੀ ਚਾਹੀਏ, ਤਾਂ ਇੱਕ-ਦੂਜੇ ਨੂੰ ਵਕਤ ਦੇ ਕੇ ਅਤੇ ਮਨੁੱਖਤਾ ਦੀ ਕਦਰ ਕਰਕੇ ਉਸ ਮਹੌਲ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਸਕਦੇ ਹਾਂ।

## ਕਾਵਿ ਵਿਅੰਗ /ਇੱਕ ਕਾਨੂੰਨ , ਅਮਲ ਵੱਖੋ ਵੱਖ

ਝੂਠੇ ਮੂਠੇ ਦਿਨ ਮਜ਼ਦੂਰਾਂ ਦੇ ਮਨਾ ਕੇ ,
ਤਨ , ਮਨ, ਧਨ ਸੱਭੇ ਸਾੜੇ ਪਏ ਨੇ ।

ਮੁਗਲਾਂ ਤੋਂ ਲੈ ਕੇ ਅੰਗਰੇਜ਼ਾਂ ਸਮੇਤ ,
ਲੋਕਰਾਜ ਵਿੱਚ ਵੀ ਲਿਤਾੜੇ ਪਏ ਨੇ।

ਛੋਟੇ ਵਿਚਕਾਰਲੇ ਤੇ ਵੱਡਿਆਂ ਲਈ ,
ਇੱਕੋ ਹੀ ਕਾਨੂੰਨ ਹੈ ਵੱਖੋ ਵੱਖ ;

ਦੋਸ਼ੀ ਨੂੰ ਮਿਲਦੀ ਕਲੀਨ ਚਿਟ ਸਦਾ ਲਈ,
ਬੇਕਸੂਰ ਜੇਲ੍ਹਾਂ ਵਿੱਚ ਤਾੜੇ ਪਏ ਨੇ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ ।9914836037

## ਮੇਰੇ ਵਰਗਾ

ਕੋਈ ਮੇਰੇ ਵਰਗਾ ਲੱਭੀ ਚੇਹਰਾ
ਗ਼ਮ ਦੇ ਵਿੱਚ ਜੋ ਹੱਸਦਾ ਹੋਵੇ ।
ਖੁਸ਼ੀ ਸਾਂਝੀ ਤਾਂ ਸਭ ਨਾਲ ਕਰਲੈ,
ਨਾ ਦੁੱਖ ਕਿਸੇ ਨੂੰ ਦੱਸਦਾ ਹੋਵੇ ।
ਬੇਘਰ ਹੋ ਕੇ ਮੇਰੇ ਵਾਂਗੂੰ ,
ਦਿਲਾਂ ਦੇ ਵਿੱਚ ਜੋ ਵੱਸਦਾ ਹੋਵੇ ।
ਕੋਈ ਮੇਰੇ ਵਰਗਾ ਲੱਭੀ ਚੇਹਰਾ
ਜੋ ਗ਼ਮ ਦੇ ਵਿੱਚ ਵੀ ਹੱਸਦਾ ਹੋਵੇ ।
ਵਾਰ ਵਾਰ ਕਿਸਮਤ ਨਾ ਕੋਸੇ,
ਨਾ ਰੱਬ ਨੂੰ ਦੋਸ਼ੀ ਦੱਸਦਾ ਹੋਵੇ ।
ਕੋਈ ਮੇਰੇ ਵਰਗਾ ਲੱਭੀ ਚੇਹਰਾ
ਜੋ ਗ਼ਮ ਦੇ ਵਿੱਚ ਵੀ ਹੱਸਦਾ ਹੋਵੇ ।
ਕੌੜਾ ਹੋਵੇ ਝੂਠਾ ਨਾ ਪਰ,
ਨਾ ਸੱਚ ਬੋਲਣ ਤੇ ਘੱਸਦਾ ਹੋਵੇ ।
ਕੋਈ ਮੇਰੇ ਵਰਗਾ ਲੱਭੀ ਚੇਹਰਾ
ਜੋ ਗ਼ਮ ਦੇ ਵਿੱਚ ਵੀ ਹੱਸਦਾ ਹੋਵੇ ।
ਵੀਰਪਾਲ ਭੱਠਲ' ਦੇ ਵਾਂਗੂੰ ,
ਬੇਸ਼ੱਕ ਅੰਦਰੋਂ ਕੱਚਦਾ ਹੋਵੇ ।
ਕੋਈ ਮੇਰੇ ਵਰਗਾ ਲੱਭੀ ਚੇਹਰਾ
ਜੋ ਗ਼ਮ ਦੇ ਵਿੱਚ ਵੀ ਹੱਸਦਾ ਹੋਵੇ ।



'ਵੀਰਪਾਲ ਕੌਰ ਭੱਠਲ'

## " ਲੇਬਰ ਡੇ "

ਹੱਥ ਮਿਹਨਤੀ ,ਉਹੀ ਜੱਗ ਤੇ ਹੁੰਦੇ ਨੇ,
ਕਿਰਤ ਕਮਾਈਆਂ ਦੇ ਵਿੱਚ,ਜਿਹੜੇ ਰੁੱਝੇ ਹੁੰਦੇ ਨੇ।

ਦਸਾਂ ਨੌਹਾਂ ਦੀ ਕਿਰਤ, ਜੋ ਕਰਕੇ,ਖਾਂਦੇ ਨੇ
ਉਹੀ ਜੱਗ ਦੇ ਉੱਤੇ ,ਦੂਣ ਸਵਾਏ, ਹੁੰਦੇ ਨੇ।

ਸਬਰ ਸਿਦਕ ਨਾਲ ਜੋ ਵੀ, ਮਿਲ ਜਾਏ ਖਾ ਲੈਂਦੇ,
ਮੁਕਾਮ ਉਨ੍ਹਾਂ ਨੇ ਵੱਡੇ, ਜੱਗ ਤੇ ਪਾਏ ਹੁੰਦੇ ਨੇ।

ਮਿਹਨਤ ਜਦੋਂ ਵਿਖਾਉਂਦੀ, ਆ ਕੇ ਰੰਗ ਆਪਣੇ ,
ਵੱਡੇ ਵੱਡੇ ਉਹਨਾਂ, ਹੇਠਾਂ ,ਲਾਹੇ ਹੁੰਦੇ ਨੇ।

ਲੇਬਰ ਚੌਂਕ ਚ ਖੜ੍ਹਦੇ ਨੇ,ਜੋ ਸਬਰਾਂ ਨਾਲ,
ਸਾਡੇ ਹੀ ਤਾਂ, ਉਹ ਹਮਸਾਏ ਹੁੰਦੇ ਨੇ।

ਹਰ ਕਿਰਤੀ ਦੇ, ਹੱਥਾਂ ਦੇ ਵਿੱਚ ਬਰਕਤ ਹੈ,
ਆ ! ਮਹਿਲ ਜੋ ਉਸਰੇ, ਇਹਨਾਂ ਨੇ ਹੀ ਪਾਏ ਹੁੰਦੇ ਨੇ।

ਕਿਰਤ ਜੋ ਕਰਦੇ, ਉਹੀ, ਅਸਲੀ ਬੰਦੇ ਨੇ,
ਨਕਲੀ ਸਾਧੂਆਂ, ਜੱਗ ਤੇ ਢੌਂਗ ਰਚਾਏ ਹੁੰਦੇ।

ਕਿਰਤੀ ਬੰਦੇ, ਸੇਵਕ ਬਾਬੇ ਨਾਨਕ ਦੇ,
ਬਚਨ ਨੂੰ ਗੁਰਾਂ ਦੇ, ਇਨ੍ਹਾਂ ਪੂਰੇ, ਕਮਾਏ ਹੁੰਦੇ ਨੇ ।

ਲੋਭ ਲਾਲਚ ਦੀ ਦੁਨੀਆਂ, ਤੋਂ, ਇਹ,ਕੋਹਾਂ, ਦੂਰ ਹੁੰਦੇ,
ਘਰ ਨਿੱਕੇ! ਇਹਨਾਂ ਮਹਿਲ ਵਾਂਗ,ਸਜਾਏ ਹੁੰਦੇ ਨੇ।

ਕਿਰਤੀ ਜਿਨ੍ਹਾਂ ,ਸਬਰ ਨਾ, ਕੋਈ ਕਰ ਸਕਦਾ,
ਸਬਰ, ਸਿੱਦਕ ਦੇ ਇਹਨਾਂ, ਬੋਲ, ਪੁਗਾਏ ਹੁੰਦੇ ਨੇ।

ਕਿਰਤੀਆ ਤੈਨੂੰ ਜੋ ਵੀ ਆਉਂਦਾ, ਲੁੱਟ ਕੇ ਹੈ ਜਾਂਦਾ,
ਧੰਨ ਹੈ ਤੂੰ ! ਇਹ ਜਿਗਰੇ, ਬੜੇ ਕਮਾਏ ਹੁੰਦੇ ਨੇ।

ਅੰਨ ਦਾਤਾ ਤੂੰ, ਢਿੱਡ ਦੁਨੀਆਂ ਦਾ ਭਰਦਾ ਏ,
ਮੀਂਹ-ਝੱਖੜ ਤੂੰ, ਪਿੰਡਿਆਂ ਉੱਤੇ, ਹੰਢਾਏ ਹੁੰਦੇ ਨੇ।

ਤੈਨੂੰ, ਲੇਬਰ ਡੇ, ਤੇ ਦੇਵਾਂ ਲਾਲ ਸਲਾਮ ਦਿਲੋਂ,
ਸੰਦੀਪ ਜਿਹੇ, ਤੂੰ, ਲੱਖਾਂ ਪੁੱਤਰ ਜਾਏ ਹੁੰਦੇ ਨੇ।



ਸੰਦੀਪ ਸਿੰਘ 'ਬਖੋਪੀਰ'
ਸੰਪਰਕ :- 9815321017

## ਦੋਹੇ

ਜਿਸ ਰਾਹ ਤੇ ਚੱਲ ਕੇ, ਮਿਲੇ ਸੀ ਆਪਾਂ ਯਾਰ।
ਸਿੱਜਦਾ ਉਹ ਪੈੜਾਂ ਦਾ,ਕਰੀਏ ਨਾਲ ਪਿਆਰ।
.
ਅੱਖਾਂ ਤੇ ਵਿਸ਼ਵਾਸ ਹੈ,ਦੇਖਿਆਂ ਇਹ ਖ਼ੁਆਬ।
ਤਟ'ਤੇ ਮੈਂ 'ਕੱਲਾ ਨਹੀਂ, ਨਦੀ ਵੀ ਹੈ ਬੇਤਾਬ।
.
ਸੁਪਨੇ ਵਿਚ ਜੇ ਹੋ ਸਕੇ, ਤੇਰਾ ਯਾਰ ਦੀਦਾਰ।
ਤੁੱਛ ਜਿਹੀ ਇੱਛਾ ਮੇਰੀ,ਨਾ ਕਰਨਾ ਇਨਕਾਰ।
.
ਮੁਖੜਾ ਉਹ ਦਾ ਫੁੱਲ ਜਿਹਾ,ਨੈਣ ਗੁਲਾਬੀ ਜਾਮ।
ਮਿਲ ਜਾਏ ਜੇ ਸਾਥ ਕਦੇ, ਕਿਸੇ ਸੰਧੂਰੀ ਸ਼ਾਮ।
.
ਕਲ ਤਕ ਵਿਹੜਾ ਇੱਕ ਸੀ, ਸਾਂਝਾ ਮੇਰੇ ਯਾਰ।
ਇਹ ਕਿੰਜ ਖੜੀ ਹੋ ਗਈ,ਨਫ਼ਰਤ ਦੀ ਦੀਵਾਰ।
.
ਅਪਣਾ ਔਖਾ ਰਾਹ ਵੀ,ਆਪੇ ਕਰ ਹਮਵਾਰ।
ਨਾ ਕੋ ਬੇਲੀ ਮਿੱਤਰਾ, ਕਰੇ ਜੋ ਜਾਨ ਨਿਸਾਰ।
.
ਦਾਣਾ ਦੁਣਕਾ ਚੁਗ ਕੇ,ਤੁਰ ਗਏ ਪੰਛੀ ਯਾਰ।
ਸੌਂ ਜਾ ਖ਼ਾਲੀ ਪੇਟ ਤੂੰ, ਅਪਣੇ ਪੈਰ ਪਸਾਰ।
.
ਚੰਗਾ ਰਹੇਂਗਾ ਅਜੇ ਵੀ,ਰੱਖ ਬੰਦ ਜ਼ੁਬਾਨ।
ਕੰਧਾਂ ਦੇ ਵੀ ਹੁੰਦੇ ਨੇ, ਕੰਨ ਚਤਰ ਸੁਜਾਨ।



ਸੁਰਜੀਤ ਸਿੰਘ ਭੁੱਲਰ



# ਸੂਦ ਗੋਤ ਜਠੇਰਿਆਂ ਦਾ ਸਲਾਨਾ ਜੋੜ ਮੇਲਾ 17 ਨੂੰ ਪਿੰਡ ਕੁੱਕੜਾਂ ਵਿਖੇ : ਸੂਦ ਵਿਰਕ

**ਹੁਸਿਆਰਪੁਰ /ਕੁੱਕੜਾਂ 3 ਮਈ (ਤਰਸੇਮ ਦੀਵਾਨਾ** ) - ਸੂਦ ਜਠੇਰੇ ਪ੍ਰਬੰਧਕ ਕਮੇਟੀ ਰਜਿ: ਪਿੰਡ ਕੁੱਕੜਾਂ ਦੇ ਸਮੂਹ ਮੈਂਬਰਾ ਨੇ ਦੱਸਿਆ ਕਿ ਦਰਬਾਰ ਸੂਦ ਗੋਤ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਹਰ ਸਾਲ ਦੀ ਤਰਾਂ ਇਸ ਸਾਲ ਵੀ ਜੇਠ ਮਹੀਨੇ ਦੇ ਜੇਠੇ ਐਤਵਾਰ 17 ਮਈ ਨੂੰ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਕੁੱਕੜਾਂ ਤਹਿ. ਗੜ੍ਹਸੰਕਰ ਜ਼ਿਲ੍ਹਾ ਹੁਸ਼ਿਆਰਪਰ ਵਿਖੇ ਕਰਵਾਇਆ ਜਾਵੇਗਾ। ਮੈਂਬਰਾਂ ਨੇ ਦੱਸਿਆ ਕਿ ਸਲਾਨਾ ਜੋੜ ਮੇਲੇ ਦੀ ਆਰੰਭਤਾ ਸੂਦ ਜਠੇਰੇ ਦਰਬਾਰ ਵਿਖੇ ਚਿਰਾਗ ਰੌਸ਼ਨਾ ਕੇ ਕੀਤੀ ਜਾਵੇਗੀ। ਉਪਰੰਤ ਸਵੇਰੇ 11 ਵਜੇ ਝੰਡੇ ਦੀ ਰਸਮ ਕੀਤੀ ਜਾਵੇਗੀ ਅਤੇ 12 ਵਜੇ ਸਟੇਜ ਦੀ ਆਰੰਭਤਾ ਕੀਤੀ ਜਾਵੇਗੀ ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਗਾਇਕ ਬਲਜਿੰਦਰ ਬੈਂਸ ਅਤੇ ਗਾਇਕਾ ਕੋਮਲ ਬੈਂਸ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਉਹਨਾਂ ਦੱਸਿਆ ਕਿ ਇਸ ਮੌਕੇ ਐਮ ਆਰ ਆਰ ਮੈਡੀਕਲ ਹੈਲਥ ਸੈਂਟਰ ਵਲੋਂ ਸੰਗਤਾਂ ਦੇ ਲਈ ਇੱਕ ਫਰੀ



ਮੈਡੀਕਲ ਕੈਂਪ ਵੀ ਲਗਾਇਆ ਜਾਵੇਗਾ। ਸਮੂਹ ਸਾਧ ਸੰਗਤਾਂ ਦੇ ਸਹਿਯੋਗ ਨਾਲ ਚਾਹ-ਪਕੌੜੇ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਬਾਬਾ ਜੀ ਦਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ।

# ਗੁਰੂ ਤੋਂ ਬਿਨਾਂ ਇਸ ਪਦਾਰਥਵਾਦੀ ਯੁੱਗ ਵਿੱਚ ਮਨੁੱਖੀ ਜੀਵਨ ਅਧੂਰਾ ਹੈ ਗੁਰੂ ਦੀ ਓਟ ਲੈਣੀ ਸਮੇਂ ਦੀ ਮੁੱਖ ਲੋੜ ਹੈ : ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ 3 ਮਈ (ਤਰਸੇਮ ਦੀਵਾਨਾ** ) - ਅਜੋਕੇ ਦੌਰ ਦੀ ਭੱਜ-ਦੌੜ ਅਤੇ ਮਾਨਸਿਕ ਅਸ਼ਾਂਤੀ ਦੇ ਹੱਲ ਲਈ ਰੂਹਾਨੀਅਤ ਦਾ ਮਾਰਗ ਅਪਣਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ। ਧਾਰਮਿਕ ਵਿਦਵਾਨਾਂ ਅਤੇ ਚਿੰਤਕਾਂ ਦਾ ਮੰਨਣਾ ਹੈ ਕਿ ਦੁਨੀਆ ਦੇ ਹਰ ਪ੍ਰਾਣੀ ਨੂੰ ਗੁਰੂਆਂ ਦੇ ਲੜ ਲੱਗਣਾ ਚਾਹੀਦਾ ਹੈ, ਕਿਉਂਕਿ ਗੁਰੂ ਤੋਂ ਬਿਨਾਂ ਇਨਸਾਨ ਦਾ ਜੀਵਨ ਉਸੇ ਤਰ੍ਹਾਂ ਅਧੂਰਾ ਹੈ ਜਿਵੇਂ ਬਿਨਾਂ ਮਲਾਹ ਦੇ ਬਿਨਾਂ ਬੇੜੀ। ਇਹ ਸ਼ਬਦ ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਜੀ ਸਲੇਮ-ਪੁਰ ਟਾਬਰੀ ਲੁਧਿਆਣਾ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਸਾਡੇ ਪੱਤਰਕਾਰ ਨਾਲ ਇੱਕ ਸੰਖੇਪ ਜਿਹੀ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ! ਉਹਨਾਂ ਕਿਹਾ ਕਿ ਅੱਜ ਦੇ ਪਦਾਰਥਵਾਦੀ ਯੁੱਗ ਦੇ ਵਿੱਚ ਗੁਰੂ ਦੀ ਅਹਿਮੀਅਤ ਨੂੰ



ਸਮਝਾਉਂਦਿਆਂ ਇੱਕ ਬਹੁਤ ਹੀ ਸਟੀਕ ਉਦਾਹਰਨ ਦਿੱਤੀ ਹੈ ਉਹਨਾ ਕਿਹਾ ਕਿ ਜਿਵੇਂ ਪੜ੍ਹਾਈ ਤੋਂ ਬਿਨਾਂ ਇਨਸਾਨ 'ਅਨਪੜ੍ਹ' ਰਹਿ ਜਾਂਦਾ ਹੈ ਅਤੇ ਉਹ ਸੰਸਾਰਿਕ ਗਿਆਨ ਤੋਂ ਵਾਂਝਾ ਹੋਣ ਕਾਰਨ ਜੀਵਨ ਦੀਆਂ ਬਾਰੀਕੀਆਂ ਨੂੰ ਨਹੀਂ ਸਮਝ ਸਕਦਾ, ਠੀਕ ਉਸੇ ਤਰ੍ਹਾਂ ਅਧਿਆਤਮਿਕ ਗੁਰੂ ਤੋਂ ਬਿਨਾਂ ਇਨਸਾਨ ਅੰਦਰੂਨੀ ਗਿਆਨ ਤੋਂ ਸੱਖਣਾ ਰਹਿੰਦਾ ਹੈ ! ਉਹਨਾਂ ਕਿਹਾ ਕਿ ਜਿਸ ਤਰ੍ਹਾਂ ਇੱਕ ਅਨਪੜ੍ਹ ਵਿਅਕਤੀ ਸਮਾਜਿਕ ਅਤੇ ਤਕਨੀਕੀ ਤਰੱਕੀ ਵਿੱਚ ਆਪਣਾ ਪੂਰਾ ਯੋਗਦਾਨ ਨਹੀਂ ਪਾ ਸਕਦਾ, ਉਸੇ ਤਰ੍ਹਾਂ ਗੁਰੂ ਦੀ ਸਿੱਖਿਆ ਤੋਂ ਬਿਨਾਂ ਮਨੁੱਖ ਆਪਣੇ ਜੀਵਨ ਦੇ ਅਸਲ ਮਕਸਦ ਨੂੰ ਪਛਾਣਨ ਵਿੱਚ ਅਸਮਰੱਥ ਰਹਿੰਦਾ ਹੈ। ਉਹਨਾਂ ਕਿਹਾ ਕਿ "ਗੁਰੂ ਉਹ ਚਾਨਣ-ਮੁਨਾਰਾ ਹੈ ਜੋ ਭਟਕੇ ਹੋਏ ਇਨਸਾਨ ਨੂੰ ਸਹੀ ਰਸਤਾ ਦਿਖਾ ਕੇ ਉਸ ਦਾ ਲੋਕ ਅਤੇ ਪਰਲੋਕ ਸੁਧਾਰ ਦਿੰਦਾ ਹੈ। ਉਹਨਾਂ ਕਿਹਾ ਕਿ ਅੱਜ ਦੇ ਸਮਾਜ ਵਿੱਚ ਵੱਧ ਰਹੀਆਂ ਬੁਰਾਈਆਂ ਨੂੰ ਰੋਕਣ ਲਈ ਗੁਰੂ ਦੇ ਲੜ ਲੱਗਣਾ ਹੋਰ ਵੀ ਲਾਜ਼ਮੀ ਹੋ ਗਿਆ ਹੈ। ਗੁਰੂ ਦੀ ਮੱਤ ਹੀ ਮਨੁੱਖ ਨੂੰ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਤੋਂ ਬਚਾ ਕੇ ਇੱਕ ਚੰਗਾ ਇਨਸਾਨ ਬਣਾਉਂਦੀ ਹੈ। ਜੇਕਰ ਇਨਸਾਨ ਗੁਰੂ ਦੀ ਸ਼ਰਨ ਵਿੱਚ ਆ ਜਾਵੇ, ਤਾਂ ਉਸ ਦੇ ਜੀਵਨ ਵਿੱਚ ਅਨੁਸ਼ਾਸਨ, ਨਿਮਰਤਾ ਅਤੇ ਸੇਵਾ ਭਾਵਨਾ ਵਰਗੇ ਗੁਣ ਪੈਦਾ ਹੁੰਦੇ ਹਨ, ਜੋ ਉਸ ਨੂੰ ਇੱਕ 'ਪੂਰਨ ਮਨੁੱਖ' ਬਣਾਉਣ ਵਿੱਚ ਸਹਾਈ ਹੁੰਦੇ ਹਨ।

# "ਰਵਿੰਦਰ ਸਹਿਰਾਅ" ਦੀ ਨਵੀਂ ਪੁਸਤਕ "ਲਾਹੌਰ ਨਾਲ ਗੱਲਾਂ" ਵਿੱਚ ਹੁਸ਼ਿਆਰਪੁਰ ਦੇ ਉੱਘੇ ਸ਼ਾਇਰ ਰਘਵੀਰ ਸਿੰਘ ਟੇਰਕਿਆਣਾ ਦਾ ਵਿਸ਼ੇਸ਼ ਜ਼ਿਕਰ

**ਹੁਸ਼ਿਆਰਪੁਰ 3 ਮਈ ( ਤਰਸੇਮ ਦੀਵਾਨਾ** ) - ਪੰਜਾਬੀ ਸਾਹਿਤ ਜਗਤ ਦੇ ਅਮਰੀਕਾ ਰਹਿੰਦੇ ਨਾਮਵਰ ਪ੍ਰਵਾਸੀ ਲੇਖਕ ਰਵਿੰਦਰ ਸਹਿਰਾਅ ਵੱਲੋਂ ਲਿਖੀ ਗਈ ਚਰਚਿਤ ਪੁਸਤਕ "ਲਾਹੌਰ ਨਾਲ ਗੱਲਾਂ" ਵਿੱਚ ਹੁਸ਼ਿਆਰਪੁਰ ਦੀ ਇਕ ਸਾਹਿਤਕ ਸਖ਼ਸ਼ੀਅਤ ਦਾ ਵੀ ਮਾਣ ਵਧਾਇਆ ਹੈ। ਰਵਿੰਦਰ ਸਹਿਰਾਅ ਨੇ ਆਪਣੀ ਇਸ ਕਿਤਾਬ ਦੇ ਪੰਨਾ ਨੰਬਰ 55 ਉੱਤੇ ਹੁਸ਼ਿਆਰਪੁਰ ਦੇ ਉੱਘੇ ਸ਼ਾਇਰ ਅਤੇ ਵਕੀਲ ਰਘਵੀਰ ਸਿੰਘ ਟੇਰਕਿਆਣਾ ਦਾ ਵਿਸ਼ੇਸ਼ ਤੌਰ ਉੱਤੇ ਜ਼ਿਕਰ ਕੀਤਾ ਹੈ। ਰਵਿੰਦਰ ਸਹਿਰਾਅ ਨੇ ਜਿੱਥੇ ਇਸ ਪੁਸਤਕ ਰਾਹੀਂ ਲਾਹੌਰ ਨਾਲ ਜੁੜੀਆਂ ਯਾਦਾਂ ਅਤੇ ਸਾਂਝਾਂ ਦੀ ਬਾਤ ਪਾਈ ਹੈ, ਉੱਥੇ ਹੀ ਉਨ੍ਹਾਂ ਨੇ ਰਘਵੀਰ ਸਿੰਘ ਟੇਰਕਿਆਣਾ ਦੀ ਸਾਹਿਤਕ ਦੇਣ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਨਿਵੇਕਲੇ ਪਹਿਲੂਆਂ ਨੂੰ ਬਾਖ਼ੂਬੀ ਚਿਤਰਿਆ ਹੈ। ਪੁਸਤਕ ਵਿਚ ਰਵਿੰਦਰ ਸਹਿਰਾਅ ਵਲੋਂ ਟੇਰਕਿਆਣਾ ਨੂੰ




ਇੱਕ ਸੰਵੇਦਨਸ਼ੀਲ ਸ਼ਾਇਰ ਵਜੋਂ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਦੀ ਕਲਮ ਕਈ ਦਹਾਕਿਆਂ ਤੋਂ ਹਰ ਸਾਲ ਨਵੇਂ ਸਾਲ ਉੱਤੇ ਸਮਾਜਿਕ ਸਰੋਕਾਰਾਂ ਨਾਲ ਜੁੜੀ ਨਵੇਂ ਸਾਲ ਦੀ ਕਵਿਤਾ ਪੇਸ਼ ਕਰਦੀ ਹੈ ਤੇ ਇਹ ਕਲਮ ਨਿਰੰਤਰ ਚਲਦੀ ਰਹਿੰਦੀ ਹੈ । ਰਵਿੰਦਰ ਸਹਿਰਾਅ ਵਲੋਂ ਕੀਤੇ ਗਏ ਇਸ ਜ਼ਿਕਰ ਤੋਂ ਬਾਅਦ ਹੁਸ਼ਿਆਰਪੁਰ ਦੇ ਸਾਹਿਤਕ ਹਲਕਿਆਂ ਅਤੇ ਬਾਰ ਦੇ ਵਕੀਲਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਕਿ ਹੁਸ਼ਿਆਰਪੁਰ ਦੇ ਵਕੀਲ ਦਾ ਤਾਇਰ ਸੰਧੂ ਵਰਗੇ ਲਾਹੌਰ ਦੇ ਵਕੀਲਾਂ ਵਿਚ ਜ਼ਿਕਰ ਹੋਇਆ ਹੈ । ਇਹ ਪੁਸਤਕ 'ਲਾਹੌਰ ਨਾਲ ਗੱਲਾਂ' ਅੱਜ-ਕੱਲ੍ਹ ਦੋਵੇ ਪੰਜਾਬਾਂ ਦੇ ਪਾਠਕਾਂ ਵਿੱਚ ਕਾਫੀ ਹਰਮਨ ਪਿਆਰੀ ਹੋ ਰਹੀ । ਲੇਖਕ ਰਘਵੀਰ ਸਿੰਘ ਟੇਰਕਿਆਨਾ ਵਰਗੀ ਸਖ਼ਸ਼ੀਅਤ ਦਾ ਜ਼ਿਕਰ ਹੋਣ ਕਰਕੇ ਇਹ ਕਿਤਾਬ ਸਥਾਨਕ ਪਾਠਕਾਂ ਲਈ ਹੋਰ ਵੀ ਦਿਲਚਸਪ ਬਣ ਗਈ ਹੈ ਕਿਉਂਕਿ ਕਿਤਾਬ ਵਿੱਚ ਲਾਹੌਰ ਅਤੇ ਉਸ ਦੇ ਆਸ ਪਾਸ ਦੀਆਂ ਇਤਿਹਾਸਕ ਥਾਂਵਾਂ ਦੀਆਂ ਫੋਟੋਆਂ ਸਮੇਤ ਛਾਪੀ ਗਈ ਹੈ ਜਿਨਾ ਥਾਵਾਂ ਉੱਤੇ ਜਾ ਕੇ ਰਵਿੰਦਰ ਸਹਿਰਾਅ ਨੇ ਖੁਦ ਹਾਜ਼ਰੀ ਭਰੀ ਹੈ ।

# ਜਸਕਰਨ ਜੈਜ਼ੀ ਚੌਧਰੀ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਹਲਕਾ ਯੂਥ ਪ੍ਰਧਾਨ ਬਣੇ

## ਜੈਜ਼ੀ ਚੌਧਰੀ ਹਲਕਾ ਬਲਾਚੌਰ ਦੇ ਪਿੰਡ ਚੂਹੜ੍ਹਪੁਰ( ਬ੍ਰਹਮਪੁਰੀ) ਦੇ ਜੰਮਪਲ ਹਨ

**ਨਵਾਂਸ਼ਹਿਰ, 3ਮਈ( ਜਤਿੰਦਰ ਪਾਲ ਸਿੰਘ ਕਲੇਰ** ) ਪੰਜਾਬ ਸੂਬੇ ਦੇ ਅੰਦਰ ਰਾਜ ਕਰ ਰਹੀ ਪੰਜਾਬ ਦੀ ਮੌਜੂਦਾ ਸਰਕਾਰ ਆਮ ਆਦਮੀ ਪਾਰਟੀ ਦੇ ਵਲੋਂ ਵੱਖ ਵੱਖ ਹਲਕਿਆਂ ਦੇ ਅੰਦਰ ਨੋਜਵਾਨਾਂ ਨੂੰ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਤੇ ਮਨੀਸ਼ ਸਿਸੋਦੀਆ ਦੀ ਅਗਵਾਈ ਦੇ ਵਿੱਚ ਵੱਖ ਵੱਖ ਜ਼ਿਲ੍ਹਿਆਂ ਤੋਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਜਿਸ ਦੇ ਵਿੱਚ ਨੋਜਵਾਨ ਆਗੂ ਜਸਕਰਨ ਜੈਜ਼ੀ ਚੌਧਰੀ ਜੋ ਕਿ ਵਿਧਾਨ ਸਭਾ ਹਲਕਾ ਬਲਾਚੌਰ ਦੇ ਪਿੰਡ ਚੂਹੜ੍ਹਪੁਰ( ਬ੍ਰਹਮਪੁਰੀ) ਦੇ ਜੰਮਪਲ ਹਨ ਜੋ ਕਿ ਹੁਣ ਪਿਛਲੇ ਲੰਬੇ ਸਮੇਂ ਤੋਂ ਨਵਾਂਸ਼ਹਿਰ ਨਜਦੀਕ ਟਾਹਲੀ ਸਾਹਿਬ ਗੁਰਦੁਆਰਾ ਸਾਹਿਬ ਦੇ ਕੋਲ ਰਹਿ ਰਹੇ ਪਾਰਟੀ ਦੇ ਵਲੋਂ ਉਨ੍ਹਾਂ ਦੀ ਮਿਹਨਤ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਵਲੋਂ ਨਵਾਂਸ਼ਹਿਰ ਯੂਥ ਦਾ ਹਲਕਾ



ਹਲਕਾ ਨਵਾਂਸ਼ਹਿਰ ਦੇ ਨਵ ਨਿਯੁਕਤ ਹੋਏ ਹਲਕਾ ਯੂਥ ਪ੍ਰਧਾਨ ਜਸਕਰਨ ਜੈਜ਼ੀ ਦੀ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨਾਲ ਤਸਵੀਰ ਨਾਲ ਫ਼ਾਈਲ ਫੋਟੋ।

ਇੰਚਾਰਜ ਨਿਯੁਕਤ ਕੀਤਾ ਗਿਆ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵ ਨਿਯੁਕਤ ਯੂਥ ਹਲਕਾ ਪ੍ਰਧਾਨ ਜਸਕਰਨ ਜੈਜ਼ੀ ਚੋਧਰੀ ਨੇ ਕਿਹਾ ਕਿ ਪਾਰਟੀ ਦੇ ਵਲੋਂ ਮੇਰੇ ਤੇ ਵਿਸ਼ਵਾਸ ਭਰੋਸਾ ਕਰਕੇ ਸੌਂਪੀ ਮੈਨੂੰ ਇਹ ਜਿੰਮੇਵਾਰੀ ਮੈਂ ਤਨਦੇਹੀ ਨਾਲ ਨਿਭਾਊਗਾਂ ਜੈਜ਼ੀ ਨੇ ਕਿਹਾ ਕਿ ਮੈਂ ਹਲਕਾ ਨਵਾਂਸ਼ਹਿਰ ਦੇ ਸਮੂਹ ਨੋਜਵਾਨ ਯੂਥ ਨੂੰ ਵੱਧ ਤੋਂ ਵੱਧ ਪਾਰਟੀ ਦੇ ਨਾਲ ਜੋੜ ਕਿ ਹਲਕਾ ਨਵਾਂਸ਼ਹਿਰ ਦੇ ਅੰਦਰ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇਗਾ ਇਸ ਮੌਕੇ ਜੈਜ਼ੀ ਚੌਧਰੀ ਵਲੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ,ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ,ਹਲਕਾ ਨਵਾਂਸ਼ਹਿਰ ਦੇ ਇੰਚਾਰਜ ਲਲਿਤ ਮੋਹਨ ਬੱਲੂ ਪ੍ਰਧਾਨ,ਹਲਕਾ ਬੰਗਾ ਵਿਧਾਇਕ ਡਾਕਟਰ ਸੁਖਵਿੰਦਰ ਸੁੱਖੀ,ਹਲਕਾ ਬੰਗਾ ਇੰਚਾਰਜ ਕੁਲਜੀਤ ਸਿੰਘ ਸਰਹਾਲ,ਡਿਪਟੀ ਸਪੀਕਰ ਪੰਜਾਬ ਜੈ ਕ੍ਰਿਸ਼ਨ ਸਿੰਘ ਰੋੜੀ,ਹਲਕਾ ਵਿਧਾਇਕ ਬਲਾਚੌਰ ਬੀਬੀ ਕਟਾਰੀਆ,ਯੂਥ ਹਲਕਾ ਪ੍ਰਧਾਨ ਕਰਨਵੀਰ ਕਟਾਰੀਆ ਤੇ ਸਮੁੱਚੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਕੋਸ਼ਿਸ਼ਾਂ ਸਦਕਾ ਮੈਨੂੰ ਇਹ ਹਲਕੇ ਦਾ ਵਿੱਚ ਪਾਰਟੀ ਦੇ ਵੱਲੋਂ ਵੱਡਾ ਮਾਣ ਸਨਮਾਨ ਬਖਸ਼ਿਆ ਗਿਆ ਅਤੇ ਪਾਰਟੀ ਨੂੰ ਬੁਲੰਦੀਆਂ ਤੇ ਪਹੁੰਚਾਣ ਲਈ ਦਿਨ-ਰਾਤ ਮਿਹਨਤ ਕਰਾਂਗਾ।

# ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਸਲੇਰਨ ਡੈਮ ਵਿਖੇ ਸੈਮੀਨਾਰ ਆਯੋਜਿਤ

**● "ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸਮਕਾਲੀ ਪੱਤਰਕਾਰੀ ਦੀ ਮੌਜੂਦਾ ਸਥਿਤੀ ਅਤੇ ਇਸਦਾ ਸਮਾਜਿਕ ਪ੍ਰਭਾਵ" ਵਿਸ਼ੇ 'ਤੇ ਜਤਿੰਦਰ ਪੰਨੂੰ ਨੇ ਦਿੱਤੀ ਬੇਬਾਕ ਰਾਏ ● ਕਿਹਾ –ਅਜੋਕੀ ਪੱਤਰਕਾਰੀ ਵਿੱਚ ਤਹਿਜ਼ੀਬ, ਜ਼ਾਬਤੇ ਤੇ ਸਮਰਪਣ ਭਾਵਨਾ ਦੀ ਭਾਰੀ ਘਾਟ**

**ਹੁਸ਼ਿਆਰਪੁਰ, 3 ਮਈ (ਤਰਸੇਮ ਦੀਵਾਨਾ ) –** ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ, ਰਜਿ.ਇੰਡੀਆ ਵੱਲੋਂ "ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸਮਕਾਲੀ ਪੱਤਰਕਾਰੀ ਦੀ ਮੌਜੂਦਾ ਸਥਿਤੀ ਅਤੇ ਇਸਦਾ ਸਮਾਜਿਕ ਪ੍ਰਭਾਵ" ਵਿਸ਼ੇ 'ਤੇ ਇੱਕ ਵਿਸ਼ੇਸ਼ ਸੈਮੀਨਾਰ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਮਿੰਨੀ ਕਸੌਲੀ ਵੱਜੋਂ ਜਾਣੇ ਜਾਂਦੇ ਰਮਣੀਕ ਸਥਾਨ "ਥੌਰਨ ਕਿਚਨ ਐਂਡ ਹਾਈਡ ਅਵੇਅ", ਸਲੇਰਨ ਡੈਮ, ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਸੂਬਾ ਪ੍ਰਧਾਨ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ । ਇਸ ਸੈਮੀਨਾਰ ਵਿੱਚ ਮੁੱਖ ਬੁਲਾਰੇ ਵਜੋਂ ਪੰਜਾਬੀ ਪੱਤਰਕਾਰੀ ਦੇ ਅਹਿਮ ਹਸਤਾਖਰ ਅਤੇ ਬਾਬਾ ਬੋਹੜ ਜਤਿੰਦਰ ਪੰਨੂ ਸੀਨੀਅਰ ਪੱਤਰਕਾਰ ਅਤੇ ਡਾ. ਜਸਵੰਤ ਰਾਏ ਜਿਲਾ ਭਾਸ਼ਾ ਖੋਜ ਅਫਸਰ ਹੁਸ਼ਿਆਰਪੁਰ ਸ਼ਾਮਿਲ ਹੋਏ । ਇਸ ਮੌਕੇ ਸੈਮੀਨਾਰ ਦੀ ਆਰੰਭਤਾ ਮੌਕੇ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਦਿਆਂ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਅਤੇ ਸਕੱਤਰ ਜਨਰਲ ਇੰਡੀਆ ਵਿਨੋਦ ਕੌਸ਼ਲ ਨੇ ਦੱਸਿਆ ਕਿ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਅਜੋਕੇ ਸਮੇਂ ਦੇ ਮੱਦੇਨਜ਼ਰ ਸੱਚਾਈ ਅਤੇ ਇਮਾਨਦਾਰੀ ਦੇ ਜਜ਼ਬੇ ਨਾਲ ਪੱਤਰਕਾਰੀ ਕਰਨ ਵਾਲੀ ਸ਼੍ਰੇਣੀ ਵਿਕਸਿਤ ਕਰਨਾ ਅਤੇ ਨਵੇਂ ਉੱਭਰ ਰਹੇ ਪੱਤਰਕਾਰਾਂ ਲਈ ਜ਼ਾਬਤੇ ਵਿੱਚ ਰਹਿ ਕੇ ਆਪਣੀ ਡਿਊਟੀ ਸਮਰਪਣ ਭਾਵਨਾ ਨਾਲ ਨਿਭਾਉਣ ਦੀ ਪ੍ਰੇਰਨਾ ਦੇਣਾ ਹੀ ਇਹ ਸੈਮੀਨਾਰ ਕਰਵਾਉਣ ਦਾ ਮੁੱਖ ਮਨੋਰਥ ਹੈ । ਪੰਜਾਬੀ ਪੱਤਰਕਾਰੀ ਦੇ ਬਾਬਾ ਬੋਹੜ ਜਤਿੰਦਰ ਪੰਨੂ ਨੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦਾ ਸਾਲ 2026-27 ਲਈ ਆਈ ਕਾਰਡ ਜਾਰੀ ਕੀਤਾ ਉਪਰੰਤ ਸੈਮੀਨਾਰ ਦੇ ਵਿਸ਼ੇ ਅਧੀਨ ਆਪਣੇ ਵਿਚਾਰ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਦੀ ਪੱਤਰਕਾਰੀ ਵਿੱਚ ਤਹਿਜ਼ੀਬ,ਜ਼ਾਬਤੇ ਤੇ ਸਮਰਪਣ ਭਾਵਨਾ ਦੀ ਭਾਰੀ ਘਾਟ ਹੋਣ ਕਾਰਨ ਪਹਿਲਾਂ ਵਾਲਾ ਮਿਆਰ ਭਾਵੇਂ ਨਹੀਂ ਰਿਹਾ ਪਰ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਅਜੇ ਵੀ ਪੰਜਾਬੀ ਪੱਤਰਕਾਰੀ ਕੁੱਝ ਹੱਦ ਤੱਕ ਭਰਸੇਯੋਗਤਾ ਨੂੰ ਕਾਇਮ ਰੱਖ ਰਹੀ ਹੈ ਜਿਸ ਦਾ ਕਾਰਨ ਇਸ ਖੇਤਰ ਵਿੱਚ ਆਪਣੇ ਪੇਸ਼ੇ ਪ੍ਰਤੀ ਸਮਰਪਣ ਭਾਵਨਾ, ਇਮਾਨਦਾਰੀ ਅਤੇ ਸੱਚਾਈ ਲਈ ਦ੍ਰਿੜ ਸੰਕਲਪ ਪੱਤਰਕਾਰਾਂ ਦੀ ਮੌਜੂਦਗੀ ਹੋਣਾ ਹੈ । ਅਜਿਹੇ ਲੋਕ ਸੱਚੀ ਪੱਤਰਕਾਰੀ ਲਈ ਹੁਕਮਰਾਨਾਂ ਦੀ ਪ੍ਰਵਾਹ ਨਹੀਂ ਕਰਦੇ ਸਗੋਂ ਸੱਚ ਲਈ ਆਖਰੀ ਦਮ ਤੱਕ ਜੂਝਦੇ ਹਨ ਫਿਰ ਅੰਜ਼ਾਮ ਭਾਵੇਂ ਕੋਈ ਵੀ ਕਿਉਂ ਨਾ ਹੋਵੇ । ਸੋਸ਼ਲ ਮੀਡੀਆ ਦੀ ਤੇਜ਼ ਰਫਤਾਰੀ ਭਾਵੇਂ ਸਭ ਨੂੰ ਚੰਗੀ ਲੱਗੇ ਪਰ ਭਰੋਸੇਯੋਗਤਾ ਦੀ ਕਮੀ ਹੋਣ ਕਾਰਣ ਸਮਾਜ ਲਈ ਘਾਤਕ ਸਿੱਧ ਹੋ ਸਕਦੀ ਹੈ ਜਿਸ ਲਈ ਕੋਡ ਆਫ਼ ਕੰਡਕਟ ਲਾਗੂ ਹੋਣਾ ਬਹੁਤ ਜਰੂਰੀ ਹੈ । ਮੀਡੀਆ ਖੇਤਰ ਵਿੱਚ ਆ ਰਹੇ ਨਵੇਂ ਪੱਤਰਕਾਰਾਂ ਨੂੰ ਸਾਰਥਕ ਸੁਨੇਹਾ ਦਿੰਦਿਆਂ ਜਤਿੰਦਰ ਪਨੂੰ ਨੇ ਕਿਹਾ ਕਿ ਇਨਸਾਫ ਤੇ ਸੱਚਾਈ ਦਾ ਪੱਲਾ ਘੁੱਟ ਕੇ ਫੜਨ ਨਾਲ ਹੀ ਸਾਰਥਕ ਨਤੀਜੇ ਹਾਸਿਲ ਹੋ ਸਕਦੇ ਹਨ । ਇਸ ਮੌਕੇ ਆਪਣੀ ਸੰਬੋਧਨ ਵਿੱਚ ਡਾਕਟਰ ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਖੋਜ ਅਫਸਰ ਨੇ ਕਿਹਾ ਕਿ ਸੱਚਾ ਕਰਮ ਹੀ ਪੱਤਰਕਾਰ ਦਾ ਧਰਮ ਹੋਣਾ ਚਾਹੀਦਾ ਹੈ। ਇਸੇ ਅਸੂਲ 'ਤੇ ਚੱਲ ਕੇ ਹੀ ਬੇਬਾਕ ਤੇ ਨਿਧੜਕ ਪੱਤਰਕਾਰੀ ਕਰਨ ਵਾਲੇ ਜਤਿੰਦਰ ਪਨੂੰ ਵਰਗੇ ਮਹਾਨ ਪੱਤਰਕਾਰਾਂ ਨੇ ਅਥਾਹ ਸਤਿਕਾਰ ਹਾਸਿਲ ਕੀਤਾ ਹੈ ਜਿਸ ਸਦਕਾ ਉਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਦਾ ਬਾਬਾ ਬੋਹੜ ਆਖਿਆ ਜਾ ਸਕਦਾ ਹੈ ਉਨ੍ਹਾਂ ਪੱਤਰਕਾਰਾਂ ਨੂੰ ਸੱਚ ਧਰਮ ਨਿਭਾਉਣ ਦੀ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਅੱਜ ਬੇਬਾਕ ਅਤੇ ਨਿਰਪੱਖ ਪੱਤਰਕਾਰਾਂ ਦੀ ਬੇਹੱਦ ਲੋੜ ਹੈ । ਇਸ ਸੈਮੀਨਾਰ ਦੌਰਾਨ ਪੰਜਾਬ ਨਿਊਜ਼ ਚੈਨਲ ਦੇ ਸੰਸਥਾਪਕ ਜਸਵਿੰਦਰ ਸਿੰਘ ਆਜ਼ਾਦ ਚੇਅਰਮੈਨ ਪੰਜਾਬ ਨੇ ਕਿਹਾ ਕਿ ਯੂਟੀਊਬ ਸੋਸ਼ਲ ਮੀਡੀਆ ਅਤੇ ਵੈਬ ਚੈਨਲ ਦੀ ਪੱਤਰਕਾਰੀ ਦਾ ਦੌਰ ਅਗਲੀ ਸਦੀ ਦੀ ਵੱਡੀ ਜਰੂਰਤ ਹੈ ਜਿਸ ਦੀ ਭਰੋਸੇਯੋਗਤਾ ਬਣਾ ਕੇ ਰੱਖਣ ਲਈ ਪੱਤਰਕਾਰਾਂ ਨੂੰ ਆਪਣਾ ਫਰਜ਼ ਡੱਟ ਕੇ ਨਿਭਾਉਣਾ ਪਵੇਗਾ। ਇਸ ਮੌਕੇ ਪ੍ਰਸਿੱਧ ਸ਼ਾਇਰ ਐਡਵੋਕੇਟ ਰਘਵੀਰ ਟੇਰਕਿਆਣਾ ਨੇ ਆਪਣੀ ਸ਼ਾਇਰੀ ਰਾਹੀਂ ਜਿੱਥੇ ਜਤਿੰਦਰ ਪਨੂੰ ਵਰਗੇ ਸਿਰੜੀ ਪੱਤਰਕਾਰਾਂ ਦੀ ਭਰਪੂਰ ਸ਼ਲਾਘਾ ਕੀਤੀ ਉੱਥੇ ਪੱਤਰਕਾਰੀ ਵਿੱਚ ਵੜੀਆਂ ਕਾਲੀਆਂ ਭੇਡਾਂ ਅਤੇ ਪੀਲੀ ਪੱਤਰਕਾਰੀ ਕਰਨ ਵਾਲੇ ਲੋਕਾਂ ਨੂੰ ਪਛਾਣ ਕੇ ਸਮਾਜ ਦੇ ਸਾਹ-ਮਣੇ ਲਿਆਉਣ ਨੂੰ ਸਮੇਂ ਦੀ ਸਭ ਤੋਂ ਵੱਡੀ ਲੋੜ ਦੱਸਿਆ । ਇਸ ਮੌਕੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਜਤਿੰਦਰ ਪਨੂੰ ਸੀਨੀਅਰ ਪੱਤਰਕਾਰ ਅਤੇ ਡਾ ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਖੋਜ ਅਫ਼ਸਰ ਅਤੇ ਥੌਰਨ ਕਿਚਨ ਐਂਡ ਹਾਈਡ ਅਵੇਅ ਦੇ ਜਨਰਲ ਮੈਨਜਰ ਹਰੀਸ਼ ਕੁਮਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਮੰਚ ਸੰਚਾਲਨ ਕਰਦਿਆਂ ਵਾਈਸ ਚੇਅਰਮੈਨ ਪੰਜਾਬ ਗੁਰਬਿੰਦਰ ਸਿੰਘ ਪਲਾਹਾ ਅਤੇ ਤਰਸੇਮ ਦੀਵਾਨਾ ਜੁਆਇੰਟ ਸਕੱਤਰ ਇੰਡੀਆ ਨੇ ਜਥੇਬੰਦੀ ਵੱਲੋਂ ਅਜਿਹੇ ਸੈਮੀਨਾਰ ਨੂੰ ਅਗਲੇ ਸਾਲ ਵੀ ਜਾਰੀ ਰੱਖਣਾ ਦਾ ਅਹਿਦ ਲਿਆ ।

ਅੰਤ ਵਿੱਚ ਸੀਨੀਅਰ ਮੀਤ ਪ੍ਰਧਾਨ ਜਗਤਾਰ ਭੂੰਗਰਨੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ । ਇਸ ਮੌਕੇ ਸਕੱਤਰ ਜਨਰਲ ਇੰਡੀਆ ਵਿਨੋਦ ਕੌਸ਼ਲ,ਪੰਜਾਬ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ, ਜੁਆਇੰਟ ਸਕੱਤਰ ਇੰਡੀਆ ਤਰਸੇਮ ਦੀਵਾਨਾ, ਜਸਵਿੰਦਰ ਸਿੰਘ ਆਜ਼ਾਦ ਚੇਅਰਮੈਨ, ਪੰਜਾਬ,ਵਾਈਸ ਚੇਅਰਮੈਨ ਪੰਜਾਬ ਗੁਰਬਿੰਦਰ ਸਿੰਘ ਪਲਾਹਾ, ਸੂਬਾ ਜਨਰਲ ਸਕੱਤਰ ਅਮਰਜੀਤ ਸਿੰਘ ਜੰਡੂ ਸਿੰਘਾ, ਸੀਨੀਅਰ ਮੀਤ ਪ੍ਰਧਾਨ ਅਸ਼ਵਨੀ ਸ਼ਰਮਾ, ਮਨਜੀਤ ਸਿੰਘ ਚੀਮਾ ਮੁਕੇਰੀਆਂ,ਹਰਪਾਲ ਸਿੰਘ ਕੰਗ ਕਪੂਰਥਲਾ ਜਸਵਿੰਦਰ ਬੱਲ,ਸਮੇਤ ਵੱਖ ਵੱਖ ਜ਼ਿਲ੍ਹਿਆਂ ਤੋਂ ਪੱਤਰਕਾਰ ਸਾਥੀ ਵੱਡੀ ਗਿਣਤੀ ਵਿੱਚ ਹਾਜ਼ਿਰ ਹੋਏ ।



**ਫੋਟੋ ਅਜਮੇਰ ਦੀਵਾਨਾ**

# ਅੰਤਿਮ ਰਸਮਾਂ ਬੋਧ ਰੀਤੀ ਰਿਵਾਜਾਂ ਅਨੁਸਾਰ ਠੇਕੇਦਾਰ ਤਰਲੋਕ ਚੰਦ ਜੀ ਨੂੰ ਸ਼ਰਧਾਂਜ਼ਲੀਆਂ ਭੇਟ ਕੀਤੀਆਂ

**ਠੇਕੇਦਾਰ ਤਰਲੋਕ ਚੰਦ ਜੀ ਦੀ ਸੋਚ ਰਾਜ ਕਰਨ ਵਾਲੇ ਸਮਾਜ ਦਾ ਚਰਿੱਤਰ ਨਿਰਮਾਣ ਕਰਨ ਵਾਲੀ ਸੀ : ਕਰੀਮਪੁਰੀ**







**ਬੰਗਾ( ਚਰਨਜੀਤ ਸੱਲ੍ਹਾ )** ਡਾ ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਦੇ ਜਨਰਲ ਸਕੱਤਰ ਇੰਦਰਜੀਤ ਅਟਾਰੀ ਬਸਪਾ ਆਗੂ ਹਲਕਾ ਬੰਗਾ ਰਿਟਾਇਰ ਏਐਸ ਆਈ ਦੀਨ ਦਿਆਲ ਰਿਟਾਇਰ ਏਐਸ ਆਈ ਤੀਰਥ ਰਾਮ ਜੀ ਦੇ ਪਿਤਾ ਜੀ ਮਿਸ਼ਨਰੀ ਆਗੂ ਸਮਾਜ ਸੇਵੀ ਠੇਕੇਦਾਰ ਤਰਲੋਕ ਚੰਦ ਦਾ ਸ਼ਰਧਾਂਜਲੀ ਸਮਾਰੋਹ ਭਿਖਸ਼ੂ ਸੰਘ ਦੀ ਅਗਵਾਈ ਵਿੱਚ ਹੋਇਆ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਸਾਬਕਾ ਮੈਂਬਰ ਪਾਰਲੀਮੈਂਟ ਬਸਪਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਪ੍ਰਵੀਨ ਬੰਗਾ ਸ਼ਾਮਿਲ ਹੋਏ ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਬਸਪਾ ਪੰਜਾਬ ਵਲੋਂ ਸ਼ਰਧਾਂਜਲੀ ਭੇਂਟ ਕੀਤੀ । ਬੋਧ ਰੀਤੀ ਰਿਵਾਜਾਂ ਮੁਤਾਬਕ ਉਨ੍ਹਾਂ ਨੂੰ ਭਿਖਸ਼ੂ ਸੰਘ ਦੀ ਅਗਵਾਈ ਵਿੱਚ ਸ਼ਰਧਾਂਜਲੀਆਂ ਭੇਂਟ ਕੀਤੀਆਂ ਵਿਨੇ ਭੰਤੇ ਨਾਗਪੁਰ, ਭਿਖਸ਼ੂ ਕੀਰਤੀ ਰਤਨ ਥੈਰੋ ਯੂ ਪੀ,ਇਸ ਮੌਕੇ ਤੇ ਡਾ ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਬਸਪਾ ਆਗੂ ਵਿਜੈ ਗੁਣਾਚੌਰ ਜੀ ਕਮ ਪ੍ਰਕਾਸ਼ ਔਜਲਾ ਦੀ ਦਿਨੇਸ਼ ਕੁਮਾਰ,ਇੰਜ ਜਸਵੀਰ ਸਿੰਘ ਮੋਰੋਂ ਹੁਸਨ ਲਾਲ ਧੰਮਾ, ਦਿਨੇਸ਼ ਕੁਮਾਰ ਸਾਬਕਾ ਡੀ ਓ ,ਡਾ ਕਸ਼ਮੀਰ ਚੰਦ,ਡਾ ਹੀਰਾ,ਡਾ ਨਰੰਜਣ ਪਾਲ,ਡਾ ਸੋਮ ਨਾਥ ਸਿੰਘ, ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ,ਕੁਲਵੀਰ ਰਾਮ ਮੁੱਲਾਂਪੁਰ, ਸਰਪੰਚ ਸਰਬਜੀਤ ਕੌਰ ਔਜਲਾ,ਅਮਰ ਚੰਦ ਅਟਾਰੀ, ਸ਼ਿਗਾਰਾ ਰਾਮ ਸਾਬਕਾ ਸਰਪੰਚ, ਇੱਕਬਾਲ ਸਿੰਘ ਪੰਚ ਅਟਾਰੀ, ਰਘਬੀਰ ਸਿੰਘ ਨੰਬਰਦਾਰ ਤੋਂ ਇਲਾਵਾ ਵੱਡੀ ਗਿੱਣਤੀ ਵਿਚ ਸਮਾਜਸੇਵੀ ਸੰਸਥਾਵਾਂ ਦੇ ਨੁਮਾਇੰਦੇ ਤੇ ਇਲਾਕਾ ਵਾਸੀਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਖੀਰ ਵਿੱਚ ਠੇਕੇਦਾਰ ਦੀ ਪੋਤੀ ਅਤੇ ਧੋਤੀ ਨੇ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਮਹੇਸ਼ ਕੁਮਾਰ ਅਟਾਰੀ ਨੇ ਬਾਖੂਬੀ ਨਿਭਾਈ।

# ਪੁਆਧੀ ਵਿਰਾਸਤ ਦਾ ਦਰਪਣ: 'ਪੁਆਧੀ ਹੀਰੇ, ਸਾਂਝੀਆਂ ਕਲਮਾਂ'




ਰਾਜੂ ਨਾਹਰ ਜੀ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ "ਪੁਆਧੀ ਹੀਰੇ, ਸਾਂਝੀਆਂ ਕਲਮਾਂ" ਪੰਜਾਬੀ ਸਾਹਿਤ ਦੇ ਖੇਤਰੀ ਮੁਹਾਂਦਰੇ ਨੂੰ ਉਜਾਗਰ ਕਰਨ ਵਾਲਾ ਇੱਕ ਅਹਿਮ ਦਸਤਾਵੇਜ਼ ਹੈ।
ਇਹ ਕਿਤਾਬ ਸਿਰਫ਼ 58 ਕਵੀਆਂ ਦਾ ਸੰਗ੍ਰਹਿ ਨਹੀਂ, ਸਗੋਂ ਪੁਆਧ ਦੇ ਖਿੱਤੇ ਦੀ ਸੱਭਿਆਚਾਰਕ ਪਛਾਣ, ਭਾਸ਼ਾਈ ਵੰਨਗੀ ਅਤੇ ਬਦਲਦੇ ਸਮਾਜਿਕ ਮੁੱਲਾਂ ਦਾ ਇੱਕ ਦਾਰਸ਼ਨਿਕ ਪ੍ਰਗਟਾਵਾ ਹੈ।

ਇੱਕ ਆਲੋਚਕ ਦੇ ਨਜ਼ਰੀਏ ਤੋਂ ਇਸ ਦਾ ਵਿਸਥਾਰਪੂਰਵਕ ਵਿਸ਼ਲੇਸ਼ਣ ਹੇਠ ਲਿਖੇ ਨੁਕਤਿਆਂ ਰਾਹੀਂ ਕੀਤਾ ਜਾ ਸਕਦਾ ਹੈ:
1. ਕਥਾ-ਸੰਰਚਨਾ ਅਤੇ ਵਿਸ਼ਾ-ਵਸਤੂ: ਇਸ ਸੰਗ੍ਰਹਿ ਦੀ ਸੰਰਚਨਾ ਇੱਕ ਅਜਿਹੇ ਗੁਲਦ-ਸਤੇ ਵਾਂਗ ਹੈ ਜਿੱਥੇ ਹਰ ਫੁੱਲ ਦੀ ਮਹਿਕ ਪੁਆਧ ਦੀ ਮਿੱਟੀ ਨਾਲ ਜੁੜੀ ਹੋਈ ਹੈ। ਸੰਪਾਦਕ ਨੇ ਕਵਿਤਾਵਾਂ ਦੀ ਚੋਣ ਕਰਦੇ ਸਮੇਂ ਇੱਕ 'ਬਹੁ-ਪਰਤੀ ਬਿਰਤਾਂਤ' ਸਿਰਜਿਆ ਹੈ। ਇਸ ਵਿੱਚ ਇੱਕ ਪਾਸੇ ਪੁਆਧ ਦੇ ਗੌਰਵਮਈ ਇਤਿਹਾਸ ਅਤੇ ਵਿਰਸੇ ਦੀ ਕਥਾ ਹੈ, ਤੇ ਦੂਜੇ ਪਾਸੇ ਵਰਤਮਾਨ ਸਮੇਂ ਦੇ ਦਰਦ ਦੀ ਕਹਾਣੀ। ਕਿਤਾਬ ਦੀ ਸੰਰਚਨਾ ਪਾਠਕ ਨੂੰ ਅਤੀਤ ਦੀ ਸਾਦਗੀ ਤੋਂ ਤੋਰ ਕੇ ਆਧੁਨਿਕਤਾ ਦੀਆਂ ਜਟਿਲਤਾਵਾਂ ਤੱਕ ਲੈ ਕੇ ਜਾਂਦੀ ਹੈ।
2. ਪਾਤਰਾਂ ਦੀ ਅੰਦਰੂਨੀ ਮਨੋਵਿਰਤੀ: ਇਹਨਾਂ ਕਵਿਤਾਵਾਂ ਵਿੱਚ ਉੱਭਰਨ ਵਾਲਾ 'ਕਾਵਿ-ਪਾਤਰ' ਬਹੁਤ ਸੰਵੇਦਨਸ਼ੀਲ ਹੈ। ਉਸ ਦੀ ਮਨੋਵਿਰਤੀ ਵਿੱਚ ਆਪਣੀਆਂ ਜੜ੍ਹਾਂ ਪ੍ਰਤੀ ਅਥਾਹ ਮੋਹ ਹੈ।
ਦਵੰਦ: ਪਾਤਰ ਇਸ ਗੱਲੋਂ ਪਰੇਸ਼ਾਨ ਹੈ ਕਿ ਸ਼ਹਿਰੀਕਰਨ ਅਤੇ ਪੱਛਮੀ ਪ੍ਰਭਾਵ ਹੇਠ ਉਸ ਦੀ ਪੁਆਧੀ ਬੋਲੀ ਅਤੇ ਸਾਦਗੀ ਗੁਆਚ ਰਹੀ ਹੈ।
ਉਦਾਹਰਣ: ਮਨਮੋਹਨ ਕੌਰ 'ਮੋਹਿਨੀ ਤੂਰ' ਦੀ ਕਵਿਤਾ "ਬਾਤਾਂ ਪੁਆਧ ਕੀਆਂ" (ਪੰਨਾ 33) ਪੜ੍ਹਦਿਆਂ ਪਾਤਰ ਦੀ ਅੰਦਰੂਨੀ ਤੜਫ਼ ਸਾਫ਼ ਝਲਕਦੀ ਹੈ:
"ਮੈਂ ਦੱਸਾਂ ਕਿਆ
ਕਿਆ ਥਾਂਨੂੰ ਬਾਤਾਂ, ਰੇ
ਲੋਕੋ ਮ੍ਹਾਰੇ ਪੁਆਧ
ਕੀਆਂ।"
ਇੱਥੇ ਪਾਤਰ ਸਿਰਫ਼ ਜਾਣਕਾਰੀ ਨਹੀਂ ਦੇ ਰਿਹਾ, ਸਗੋਂ ਆਪਣੀ ਪਛਾਣ ਨੂੰ ਬਚਾਉਣ ਲਈ ਪਾਠਕ ਅੱਗੇ ਵਾਸਤਾ ਪਾ ਰਿਹਾ ਹੈ।
3. ਪ੍ਰਤੀਕਾਂ ਦੀ ਵਿਆਖਿਆ: ਸਾਹਿਤ ਵਿੱਚ ਪ੍ਰਤੀਕ ਲਿਖਤ ਨੂੰ ਡੂੰਘਾਈ ਪ੍ਰਦਾਨ ਕਰਦੇ ਹਨ। ਇਸ ਸੰਗ੍ਰਹਿ ਵਿੱਚ ਕਈ ਸਾਰਥਕ ਪ੍ਰਤੀਕ ਵਰਤੇ ਗਏ ਹਨ:
ਹੀਰੇ: ਕਿਤਾਬ ਦੇ ਸਿਰਲੇਖ ਵਿੱਚ 'ਹੀਰੇ' ਸ਼ਬਦ ਮਹਿਜ਼ ਪੱਥਰ ਲਈ ਨਹੀਂ, ਸਗੋਂ ਉਹਨਾਂ ਸੂਝਵਾਨ ਕਲਮਾਂ ਲਈ ਹੈ ਜੋ ਹਨ੍ਹੇਰੇ ਵਿੱਚ ਚਾਨਣ ਵੰਡਦੀਆਂ ਹਨ।
ਪਿਉ ਦੀ ਪੱਗ: ਮੇਜਰ ਸਾਹਿਬ ਪੁਰੀਆ ਦੀ ਕਵਿਤਾ (ਪੰਨਾ 133) ਵਿੱਚ 'ਪੱਗ' ਸੱਭਿਆਚਾਰਕ ਇੱਜ਼ਤ ਅਤੇ ਨੈਤਿਕ ਮਰਿਆਦਾ ਦਾ ਪ੍ਰਤੀਕ ਹੈ।
ਖਾਲੀ ਰਿਸ਼ਤੇ: ਜਸਵੰਤ ਗਰੇਵਾਲ (ਪੰਨਾ 174) 'ਖਾਲੀ' ਅਤੇ 'ਧੋਖੇ' ਨੂੰ ਵਰਤਮਾਨ ਮਾਨਵੀ ਰਿਸ਼ਤਿਆਂ ਦੀ ਖੋਖਲੀ ਨੀਂਹ ਦੇ ਪ੍ਰਤੀਕ ਵਜੋਂ ਪੇਸ਼ ਕਰਦੀ ਹੈ।
4. ਲੇਖਕ/ਸੰਪਾਦਕ ਦੀ ਵਿਚਾਰਧਾਰਾ: ਰਾਜੂ ਨਾਹਰ ਦੀ ਵਿਚਾਰਧਾਰਾ 'ਆਂਚਲਿਕ ਚੇਤਨਾ' ਉੱਤੇ ਅਧਾਰਿਤ ਹੈ। ਉਹਨਾਂ ਦਾ ਮੰਨਣਾ ਹੈ ਕਿ ਪੰਜਾਬੀਅਤ ਦੀ ਸੰਪੂਰਨਤਾ ਉਦੋਂ ਹੀ ਸੰਭਵ ਹੈ ਜੇਕਰ ਅਸੀਂ ਮਾਝੇ, ਮਾਲਵੇ ਅਤੇ ਦੁਆਬੇ ਦੇ ਨਾਲ-ਨਾਲ ਪੁਆਧ ਦੀ ਹੋਂਦ ਨੂੰ ਵੀ ਬਰਾਬਰ ਸਤਿਕਾਰ ਦੇਈਏ। ਉਹਨਾਂ ਦੀ ਪਹੁੰਚ 'ਸਮਾਜਿਕ-ਸਮਾਵੇਸ਼ੀ' ਹੈ, ਜਿਸ ਵਿੱਚ ਉਹਨਾਂ ਨੇ ਨਵੇਂ ਅਤੇ ਪੁਰਾਣੇ ਲੇਖਕਾਂ ਨੂੰ ਇੱਕ ਸਾਂਝੇ ਮੰਚ 'ਤੇ ਇਕੱਠੇ ਕਰਕੇ ਵਿਚਾਰਧਾਰਕ ਸਾਂਝ ਪੈਦਾ ਕੀਤੀ ਹੈ।
5. ਸਮਾਜਿਕ ਪ੍ਰਸੰਗ ਅਤੇ ਸੰਵੇਦਨਾ: ਇਹ ਸੰਗ੍ਰਹਿ ਸਮੇਂ ਦਾ ਸੱਚ ਬੋਲਦਾ ਹੈ। ਇਸ ਵਿੱਚ ਸਮਾਜਿਕ ਬੁਰਾਈਆਂ ਵਿਰੁੱਧ ਇੱਕ 'ਚੁੱਪ ਵਿਦਰੋਹ' ਹੈ:

ਨਸ਼ੇ ਅਤੇ ਭ੍ਰਿਸ਼ਟਾਚਾਰ: ਸੁਖਵਿੰਦਰ ਸਿੰਘ ਦੁਰਾਲੀ ਦੀ ਕਵਿਤਾ "ਕੌੜਾ ਸੱਚ" (ਪੰਨਾ 288) ਸਮਾਜਿਕ ਨਿਗਾਰ 'ਤੇ ਸਿੱਧੀ ਚੋਟ ਕਰਦੀ ਹੈ।
ਧੀ ਦੀ ਹੋਂਦ: ਕਈ ਕਵਿਤਾਵਾਂ ਭਰੂਣ ਹੱਤਿਆ ਦੇ ਵਿਰੋਧ ਵਿੱਚ ਧੀ ਦੀ ਮਹੱਤਤਾ ਨੂੰ ਦਰਸਾਉਂਦੀਆਂ ਹਨ, ਜੋ ਲੇਖਕਾਂ ਦੀ ਸਮਾਜਿਕ ਸੰਵੇਦਨਾ ਦਾ ਸਬੂਤ ਹੈ।
6. ਭਾਸ਼ਾਈ ਸੁੰਦਰਤਾ: ਕਿਤਾਬ ਦੀ ਸਭ ਤੋਂ ਵੱਡੀ ਪ੍ਰਾਪਤੀ ਪੁਆਧੀ ਉਪ-ਭਾਸ਼ਾ ਦਾ ਸਜੀਵ ਚਿਤਰਣ ਹੈ। 'ਕਿਆ', 'ਥਾਂਨੂੰ', 'ਇਬ', 'ਮ੍ਹਾਰੇ' ਵਰਗੇ ਠੇਠ ਪੁਆਧੀ ਸ਼ਬਦਾਂ ਨੇ ਕਵਿਤਾਵਾਂ ਵਿੱਚ ਇੱਕ ਵਿਲੱਖਣ ਰਿਦਮ ਪੈਦਾ ਕੀਤਾ ਹੈ। ਇਹ ਭਾਸ਼ਾਈ ਵੰਨਗੀ ਪੰਜਾਬੀ ਭਾਸ਼ਾ ਦੇ ਅਮੀਰ ਸ਼ਬਦ-ਭੰਡਾਰ ਵਿੱਚ ਵਾਧਾ ਕਰਦੀ ਹੈ ਅਤੇ ਪਾਠਕ ਨੂੰ ਖੇਤਰੀ ਅਪਣੱਤ ਦਾ ਅਹਿਸਾਸ ਕਰਵਾਉਂਦੀ ਹੈ।
ਆਲੋਚਨਾਤਮਕ ਮੁਲਾਂਕਣ:
ਸਕਾਰਾਤਮਕ ਪੱਖ:
ਖੇਤਰੀ ਦਸਤਾਵੇਜ਼: ਰਾਜੂ ਨਾਹਰ ਜੀ ਨੇ ਪੁਆਧੀ ਕਲਮਾਂ ਨੂੰ ਇਕੱਠਾ ਕਰਕੇ ਇੱਕ ਅਜਿਹਾ ਕਾਰਜ ਕੀਤਾ ਹੈ ਜੋ ਆਉਣ ਵਾਲੀਆਂ ਨਸਲਾਂ ਲਈ ਖੋਜ ਦਾ ਆਧਾਰ ਬਣੇਗਾ।
ਵੰਨ-ਸਵੰਨਤਾ: ਕਿਤਾਬ ਵਿੱਚ ਧਾਰਮਿਕ, ਸਮਾਜਿਕ, ਰੋਮਾਂਟਿਕ ਅਤੇ ਦਾਰਸ਼ਨਿਕ, ਹਰ ਤਰ੍ਹਾਂ ਦੇ ਵਿਸ਼ੇ ਮਿਲਦੇ ਹਨ, ਜਿਸ ਕਾਰਨ ਪਾਠਕ ਅੱਕਦਾ ਨਹੀਂ।
ਪੇਸ਼ਕਾਰੀ: ਕਿਤਾਬ ਦਾ ਲੇਆਉਟ ਅਤੇ ਲੇਖਕਾਂ ਦੇ ਚਿੱਤਰਾਂ ਸਹਿਤ ਜਾਣਕਾਰੀ ਦੇਣਾ ਇੱਕ ਵਧੀਆ ਉਪਰਾਲਾ ਹੈ।
ਤਰਕਸੰਗਤ ਸੁਝਾਅ (ਨਿਰੀਖਣ):
ਕਾਵਿ-ਮਿਆਰ ਦਾ ਅੰਤਰ: ਇੱਕ ਵੱਡੇ ਸੰਗ੍ਰਹਿ ਵਿੱਚ ਅਕਸਰ ਕੁਝ ਕਵਿਤਾਵਾਂ ਬਹੁਤ ਉੱਚੇ ਦਾਰਸ਼ਨਿਕ ਮਿਆਰ ਦੀਆਂ ਹੁੰਦੀਆਂ ਹਨ ਅਤੇ ਕੁਝ ਸਧਾਰਨ। ਸੰਪਾਦਨਾ ਵਿੱਚ ਜੇਕਰ ਕਾਵਿਕ ਤੋਲ-ਤੁਕਾਂਤ ਅਤੇ ਗਹਿਰਾਈ ਦਾ ਥੋੜ੍ਹਾ ਹੋਰ ਸਖ਼ਤ ਮਿਆਰ ਰੱਖਿਆ ਜਾਂਦਾ ਤਾਂ ਇਹ ਕਿਤਾਬ ਹੋਰ ਵੀ ਪ੍ਰਭਾਵਸ਼ਾਲੀ ਹੁੰਦੀ।
ਸ਼ਬਦ-ਕੋਸ਼ ਦੀ ਲੋੜ: ਪੁਆਧੀ ਬੋਲੀ ਤੋਂ ਅਣਜਾਣ ਪਾਠਕਾਂ ਲਈ ਅੰਤ ਵਿੱਚ ਇੱਕ ਛੋਟਾ 'ਪੁਆਧੀ ਸ਼ਬਦ-ਕੋਸ਼' ਦਿੱਤਾ ਜਾ ਸਕਦਾ ਸੀ, ਤਾਂ ਜੋ ਗ਼ੈਰ-ਪੁਆਧੀ ਪਾਠਕ ਵੀ ਇਸ ਦਾ ਭਰਪੂਰ ਆਨੰਦ ਲੈ ਸਕਦੇ।
ਵਿਸ਼ਿਆਂ ਦੀ ਦੁਹਰਾਓ: ਕੁਝ ਥਾਵਾਂ 'ਤੇ 'ਮਾਂ' ਅਤੇ 'ਪੁਰਾਤਨ ਵਿਰਸੇ' 'ਤੇ ਬਹੁਤ ਜ਼ਿਆਦਾ ਕਵਿਤਾਵਾਂ ਹੋਣ ਕਾਰਨ ਵਿਸ਼ਿਆਂ ਦਾ ਦੁਹਰਾਓ ਮਹਿਸੂਸ ਹੁੰਦਾ ਹੈ।
"ਪੁਆਧੀ ਹੀਰੇ, ਸਾਂਝੀਆਂ ਕਲਮਾਂ" ਪੰਜਾਬੀ ਸਾਹਿਤ ਦੇ ਖੇਤਰ ਵਿੱਚ ਇੱਕ ਸ਼ਲਾਘਾਯੋਗ ਕਦਮ ਹੈ। ਇਹ ਸੰਗ੍ਰਹਿ ਇਹ ਸਿੱਧ ਕਰਦਾ ਹੈ ਕਿ ਸਾਡੀ ਖੇਤਰੀ ਪਛਾਣ ਹੀ ਸਾਡੀ ਅਸਲ ਤਾਕਤ ਹੈ। ਰਾਜੂ ਨਾਹਰ ਜੀ ਨੇ ਪੁਆਧ ਦੇ ਖਿੰਡੇ ਹੋਏ ਹੀਰਿਆਂ ਨੂੰ ਇੱਕ ਮਾਲਾ ਵਿੱਚ ਪਰੋ ਕੇ ਪੰਜਾਬੀ ਮਾਂ-ਬੋਲੀ ਦੀ ਵੱਡੀ ਸੇਵਾ ਕੀਤੀ ਹੈ। ਇਹ ਕਿਤਾਬ ਹਰ ਉਸ ਪਾਠਕ ਲਈ ਜ਼ਰੂਰੀ ਹੈ ਜੋ ਪੰਜਾਬੀ ਸੱਭਿਆਚਾਰ ਦੀਆਂ ਅੰਦਰੂਨੀ ਪਰਤਾਂ ਨੂੰ ਸਮਝਣਾ ਚਾਹੁੰਦਾ ਹੈ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# ਸਮੇਂ ਨਾ.ਲ ਬਦਲੀ ਦੋਸਤੀ

ਮਿੰਨ੍ਹੀ ਕਹਾਣੀ

ਉਸ ਨੂੰ ਗੀਤ ਸੰਗੀਤ ਸੁਣਨ ਦਾ ਸ਼ੌਕ ਸੀ । ਮਾਂ ਪਿਓ ਬਾਰੇ ਲਿਖੇ / ਗਾਏ ਗੀਤਾਂ ਨੂੰ ਉਹ ਜ਼ਿਆਦਾ ਪਸੰਦ ਕਰਦਾ ਸੀ । ਟ੍ਰੈਕਟਰ ਦੀ ਟੇਪ ਉੱਤੇ ਉਹ ਸਭ ਤੋਂ ਵੱਧ ਜਿਹੜਾ ਗੀਤ ਵਜਾਉਂਦਾ ਸੀ , ਉਹ ਵੀ ਬਾਪੂ ਨਾ.ਲ ਯਾਰੀ ਬਾਰੇ ਸੀ , ਜਿਸ ਦੇ ਬੋਲ ਸਨ
" ਮੈਂ ਇੱਕੀਆਂ ਸਾਲਾਂ 'ਚ ਯਾਰ ਬਹੁਤ ਬਣਾਏ ,
ਕੋਈ ਯਾਰੀ ਨਈਓਂ ਬਾਪੂ ਜੀ ਦੀ ਯਾਰੀ ਵਰਗੀ ।
ਬਾਈਵਾਂ ਸਾਲ ਚੜ੍ਹਦਿਆਂ ਹੀ ਉਸ ਦਾ ਵਿਆਹ ਹੋ ਗਿਆ ਤਾਂ ਪੰਜਾਬੀ ਦੀ ਉਹ ਲੋਕ ਬੋਲੀ ਪੂਰੀ ਤਰ੍ਹਾਂ ਸੱਚ ਸਾਬਤ ਹੋ ਗਈ ।
" ਨਵਿਆਂ ਦੇ ਸੰਗ ਰ.ਲ ਕੇ ,
ਭੁੱਲ ਜਾਂਦੇ ਨੇ ਯਾਰ ਪੁਰਾਣੇ । "
ਅੱਜ ਕੱਲ੍ਹ ਉਸ ਦਾ ਓਹੀ ਬਾਪੂ ਬਿਰਧ ਆਸ਼ਰਮ ਵਿੱਚ ਰਹਿਣ ਲਈ ਮਜ਼ਬੂਰ ਹੈ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ
ਜਿਲ੍ਹਾ ਸੰਗਰੂਰ ।
9914836037

# ਡਾ: ਮੇਹਰ ਮਾਣਕ ਦੀ ਪੁਸਤਕ" ਪੰਜਾਬ: ਪੇਚੀਦਾ ਸਥਿਤੀ ਤੇ ਚੁਣੌਤੀਆਂ" ਤੇ ਚਰਚਾ














**ਚੰਡੀਗੜ੍ਹ (ਰਮੇਸ਼ਵਰ ਸਿੰਘ)** ਸਾਹਿਤ ਵਿਗਿਆਨ ਕੇਂਦਰ ( ਰਜਿ.) ਚੰਡੀਗੜ੍ਹ ਵਲੋਂ ਇੱਕ ਵਿਸ਼ੇਸ਼ ਅਤੇ ਵਿਸ਼ਾਲ ਇਕੱਤਰਤਾ ਵਿਚ ਡਾ. ਮੇਹਰ ਮਾਣਕ ਦੀ ਪੰਜਾਬ ਦੇ ਮਸਲਿਆਂ/ ਸੰਕਟਾਂ ਬਾਰੇ ਪੁਸਤਕ " "ਪੰਜਾਬ-- ਪੇਚੀਦਾ ਸਥਿਤੀ ਤੇ ਚੁਣੌਤੀਆਂ" ਅੱਜ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਲੋਕ-ਅਰਪਣ ਕੀਤੀ ਗਈ। ਇਹ ਕਿਤਾਬ ਸਾਹਿਬ ਦੀਪ ਪਬਲੀਕੇਸ਼ਨਜ਼ ਭੀਖੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋਫੈਸਰ ( ਡਾ.) ਲਖਵਿੰਦਰ ਸਿੰਘ ਗਿੱਲ, ਥਾਪਰ ਯੂਨੀਵਰਸਿਟੀ ਪਟਿਆਲਾ ਨੇ ਕੀਤੀ ਅਤੇ ਪ੍ਰਸਿੱਧ ਪੱਤਰਕਾਰ ਦੀਪਕ ਸ਼ਰਮਾ ਚਨਾਰਥਲ ( ਪ੍ਰਧਾਨ, ਪੰਜਾਬੀ ਲੇਖਕ ਸਭਾ, ਚੰਡੀਗੜ੍ਹ) ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ । ਪ੍ਰਧਾਨਗੀ ਮੰਡਲ ਵਿੱਚ ਕਿਤਾਬ ਦੇ ਲੇਖਕ ਡਾ. ਮੇਹਰ ਮਾਣਕ ਅਤੇ ਗੁਰਦਰਸ਼ਨ ਸਿੰਘ ਮਾਵੀ ( ਪ੍ਰਧਾਨ, ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ) ਵੀ ਸ਼ਾਮਲ ਸਨ। ਪ੍ਰੋਗਰਾਮ ਦੇ ਸ਼ੁਰੂ ਵਿੱਚ ਪ੍ਰਧਾਨਗੀ ਮੰਡਲ ਨੇ ਕਿਤਾਬ ਨੂੰ ਲੋਕ-ਅਰਪਣ ਕਰਨ ਦੀਆਂ ਰਸਮਾਂ ਨਿਭਾਈਆਂ। ਇਸ ਕਿਤਾਬ ਉੱਤੇ ਪ੍ਰੋਫੈਸਰ ਗੁਰਮੇਲ ਸਿੰਘ ਨੇ ਆਪਣਾ ਪਰਚਾ ਪੜ੍ਹਿਆ। ਪਰਚਾ ਪੜ੍ਹਦਿਆਂ ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਇਹ ਕਿਤਾਬ ਇਤਿਹਾਸਕ ਦਸਤਾਵੇਜ ਬਣੇਗੀ।ਹਰੀ ਕ੍ਰਾਂਤੀ ਨੇ ਥੋੜ੍ਹੇ ਸਮੇਂ ਲਈ ਖੁਸ਼ਹਾਲੀ ਲਿਆਂਦੀ ਪਰ ਹੁਣ ਕਈ ਸਮਸਿਆਵਾਂ ਪੈਦਾ ਹੋ ਰਹੀਆਂ ਹਨ।ਪਾਣੀ ਦਾ ਸੰਕਟ ਦਿਨੋ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਇਹ ਕਿਤਾਬ ਵਿਰਾਟ ਹੋ ਰਹੇ ਸੰਕਟਾਂ ਵੱਲ ਇਸ਼ਾਰਾ ਕਰ ਰਹੀ ਹੈ।ਪ੍ਰਿੰਸੀਪਲ ਸਤਨਾਮ ਸਿੰਘ ਸ਼ੋਕਰ ਨੇ ਸਮਾਗਮ ਵਿੱਚ ਬੋਲਦਿਆਂ ਕਿਹਾ ਕਿ ਖੇਤੀਬਾੜੀ ਹੁਣ ਲਾਹੇਵੰਦ ਨਹੀਂ ਰਹੀ ਅਤੇ ਵਾਤਾਵਰਣ ਪਲੀਤ ਹੋ ਰਿਹਾ ਹੈ। ਸਾਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣ ਦੁ ਜ਼ਰੂਰਤ ਹੈ। ਦੀਪਕ ਚਨਾਰਥਲ ਨੇ ਆਪਣੇ ਭਾਸ਼ਣ ਵਿੱਚ ਵੇਰਵੇ ਸਹਿਤ ਦੱਸਿਆ ਕਿ ਸਿਆਸੀ ਨੇਤਾ ਕੁਰਸੀ ਦੀ ਫਿਕਰ ਕਰਦੇ ਹਨ ਪਰ ਲੋਕਾਂ ਦੇ ਭਲੇ ਲਈ ਕੋਈ ਨਹੀਂ ਸੋਚਦਾ। ਸਿਆਸੀ ਇੱਛਾਸ਼ਕਤੀ ਅਤੇ ਸੋਚਣ ਸ਼ਕਤੀ ਦਾ ਗਾਇਬ ਹੋਣਾ ਫ਼ਿਕਰਮੰਦੀ ਵਾਲੀ ਗੱਲ ਹੈ। ਭੁਪਿੰਦਰ ਮਲਿਕ ਨੇ ਕਿਹਾ ਕਿ ਇਹ ਡਾ ਮੇਹਰ ਮਾਣਕ ਦੀ ਸੱਤਵੀਂ ਪੁਸਤਕ ਹੈ ਅਤੇ ਲੇਖਕ ਵੱਖ ਵੱਖ ਵਿਧਾਵਾਂ ਰਾਹੀਂ ਲਗਾਤਾਰ ਕਾਰਜਸ਼ੀਲ ਹੈ। ਪਰਮਜੀਤ ਮਾਨ, ਸੰਦੀਪ ਸਿੰਘ, ਡਾ. ਦਵਿੰਦਰ ਬੋਹਾ ਅਤੇ ਡਾ. ਹਰਨੇਕ ਸਿੰਘ ਕਲੇਰ ਨੇ ਕਿਹਾ ਕਿ ਪੁਸਤਕ ਵਿੱਚ ਉਭਾਰੇ ਗਏ ਮਸਲਿਆਂ ਉੱਤੇ ਸੰਜੀਦਗੀ ਨਾਲ਼ ਚਰਚਾ ਜਾਰੀ ਰੱਖਣ ਦੀ ਜ਼ਰੂਰਤ ਹੈ। ਡਾ. ਮੇਹਰ ਮਾਣਕ ਨੇ ਕਿਹਾ ਕਿ ਸਰਕਾਰ ਨਿੱਕੀਆਂ ਨਿੱਕੀਆਂ ਸਹੂਲਤਾਂ ਨਾਲ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ ਅਤੇ ਸਿਆਸੀ ਗੈਰ ਜ਼ਿੰਮੇਵਾਰੀ ਅਤੇ ਗੈਰ ਸੰਜੀਦਗੀ ਗੰਭੀਰ ਚਿੰਤਾ ਦਾ ਵਿਸ਼ਾ ਹਨ। ਆਪਣੇ ਪ੍ਰਧਾਨਗੀ ਭਾਸ਼ਨ ਵਿਚ ਡਾ. ਲਖਵਿੰਦਰ ਸਿੰਘ ਗਿੱਲ, ਪ੍ਰੋਫੈਸਰ , ਥਾਪਰ ਯੂਨੀਵਰਸਿਟੀ ਪਟਿਆਲਾ ਨੇ ਬੋਲਦਿਆਂ ਕਿਹਾ ਕਿ ਇਹ ਕਿਤਾਬ ਸਰਲ ਭਾਸ਼ਾ ਵਿਚ ਲਿਖੀ ਗਈ ਹੈ ਜੋ ਸਾਂਭਣਯੋਗ ਹੈ।ਮੁੱਢ ਤੋਂ ਹੀ ਮਨੁੱਖ ਦੇ ਵਿਕਾਸ ਨਾਲ ਬਦਲਾਅ ਹੁੰਦਾ ਆਇਆ ਹੈ।ਹੁਣ ਸਰਕਾਰਾਂ ਵਲੋਂ ਲੋਕਾਂ ਦੇ ਹੱਕ ਦਬਾਏ ਜਾ ਰਹੇ ਹਨ।ਲੇਖਕਾਂ ਨੂੰ, ਬੁਧੀਜੀਵੀਆਂ ਨੂੰ ਡਟ ਕੇ ਲਿਖਣਾ ਚਾਹੀਦਾ ਹੈ। ਲਿਖਣਾ ਅਤੇ ਪੜ੍ਹਨਾ ਸਮੇਂ ਦੀ ਜ਼ਰੂਰਤ ਹੈ ਅਤੇ ਨਵੀਂ ਪੀੜ੍ਹੀ ਨੂੰ ਇਸ ਪੱਖ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ ਅਤੇ ਨਵੀਂ ਪੀੜ੍ਹੀ ਨੂੰ ਲਿਖਣ ਦੇ ਕਾਰਜ ਵਿੱਚ ਜ਼ਿੰਮੇਵਾਰੀ ਨਾਲ਼ ਅੱਗੇ ਆਉਣਾ ਚਾਹੀਦਾ ਹੈ। ਇਹ ਸਮਾਗਮ ਪ੍ਰਸਿੱਧ ਸਮਾਜ ਵਿਗਿਆਨੀ ਸਵ. ਪ੍ਰੋਫੈਸਰ ਕੇ ਗੋਪਾਲ ਅਈਅਰ ਅਤੇ ਜਮਹੂਰੀ ਹੱਕਾਂ ਲਈ ਕੰਮ ਕਰਨ ਵਾਲੇ ਕਾਰਕੁੰਨ ਸਵ. ਸ਼ਿਵਚਰਨ ਸੰਧੂ ਅਰਾਈਆਂਵਾਲਾ ਨੂੰ ਸਮਰਪਿਤ ਕੀਤਾ ਗਿਆ ਇਸ ਪ੍ਰੋਗਰਾਮ ਦੀ ਸਟੇਜ ਸੰਚਾਲਨ ਗੁਰਦਰਸ਼ਨ ਸਿੰਘ ਮਾਵੀ ਨੇ ਸੁਚੱਜੇ ਢੰਗ ਨਾਲ ਕੀਤਾ। ਇਸ ਮੌਕੇ ਬਹੁਤ ਵੱਡੀ ਗਿਣਤੀ ਵਿਚ ਪਤਵੰਤੇ ਸੱਜਣ, ਵਿਦਵਾਨ ਅਤੇ ਲੇਖਕ ਹਾਜਰ ਸਨ।

# ਵਿਚੋਲਗਿਰੀ ਨਹੀਂ ਸੀ ਇਹ

"ਚਲੋ ਬੱਚਤ ਰਹਿ ਗਈ, ਕਿਸੇ ਦੇ ਵੀ ਸੱਟ ਵੀ ਨਹੀਂ ਵੱਜੀ। ਮਮੂਲੀ ਝਰੀਟਾਂ ਹੀ ਹਨ। ਓਮ ਪ੍ਰਕਾਸ਼ ਵੀ ਠੀਕ ਹੈ। ਮੈਂ ਚੱਲਦਾ ਹਾਂ ਤੇ ਤੁਸੀਂ ਹੋਲੀ ਹੋਲੀ ਸਿੱਧੇ ਤਹਿਸੀਲ ਚ ਹੀ ਆ ਜਾਇਓ।" ਇਹਨਾਂ ਕਹਿਕੇ ਅੰਕਲ ਦੇਸ ਰਾਜ ਚੱਲਦੀ ਟਰਾਲੀ ਚ ਬਹਿਕੇ ਮੁਕਤਸਰ ਨੂੰ ਚਲੇ ਗਏ। ਉਸ ਦਿਨ ਮੇਰੇ ਪਾਪਾ ਜੀ ਮੋਟਰ ਸਾਈਕਲ ਤੇ ਮੇਰੇ ਚਾਚਾ ਜੀ ਅਤੇ ਸ੍ਰੀ ਦੇਸ ਰਾਜ ਅੰਕਲ ਨਾਲ ਜਮੀਨ ਦੇ ਕਿਸੇ ਕੰਮ ਲਈ ਮੁਕਤਸਰ ਜਾ ਰਹੇ ਸਨ ਕਿਉਂਕਿ ਓਦੋਂ ਘੁਮਿਆਰਾ ਮੁਕਤਸਰ ਤਹਿਸੀਲ ਵਿੱਚ ਆਉਂਦਾ ਸੀ। ਰਸਤੇ ਵਿੱਚ ਕਿਸੇ ਟਰੈਕਟਰ ਟਰਾਲੀ ਨੂੰ ਓਵਰਟੇਕ ਕਰਦਿਆਂ ਮੋਟਰ ਸਾਈਕਲ ਸਲਿੱਪ ਹੋ ਗਿਆ ਤੇ ਤਿੰਨੋਂ ਸੜਕ ਤੇ ਡਿੱਗ ਪਏ। ਹਾਂ ਇਹ ਦੇਸ ਰਾਜ ਪਾਪਾ ਜੀ ਨਾਲ ਹੀ ਨੌਕਰੀ ਕਰਦੇ ਸੀ। ਪਾਪਾ ਜੀ ਦੇ ਦੋਸਤ ਸਨ। ਪਰ ਪਾਪਾ ਜੀ ਨੂੰ ਇਹਨਾਂ ਦਾ ਵਿਹਾਰ ਪਸੰਦ ਨਹੀਂ ਸੀ ਜਾਂ ਕਹਿ ਲਵੋ ਵਿਚਾਰਿਕ ਮਤਭੇਦ ਸਨ। ਥੋੜੇ ਸਮੇਂ ਬਾਅਦ ਪਾਪਾ ਜੀ ਨੇ ਇਹਨਾਂ ਨਾਲ ਆਉਣ ਜਾਣ ਘੱਟ ਕਰ ਦਿੱਤਾ। ਪ੍ਰੰਤੂ ਸਾਡੇ ਚਾਚਾ ਜੀ ਦੇ ਪਰਿਵਾਰ ਨੇ ਆਪਣਾ ਵਰਤ ਵਰਤੇਵਾ ਜਾਰੀ ਰੱਖਿਆ। ਇੱਕ ਦੂਜੇ ਘਰੇ ਆਉਣ ਜਾਣ ਵਧਾਇਆ। ਉਸ ਦਿਨ ਫਿਰ ਚਾਚਾ ਜੀ ਤੇ ਪਾਪਾ ਜੀ ਮੋਟਰ ਸਾਈਕਲ ਤੇ ਹੀ ਹੋਲੀ ਹੋਲੀ ਮੁਕਤਸਰ ਪਾਹੁੰਚੇ। ਸ਼ਾਮੀ ਵਾਪੀਸੀ ਸਮੇ ਪਾਪਾ ਜੀ ਦੇ ਗੋਡੇ ਅਤੇ ਹੱਥ ਦੇ ਮੁਰਚੇ ਚ ਸੋਜ ਆ ਗਈ ਤੇ ਦਰਦ ਬਹੁਤ ਵੱਧ ਗਿਆ। ਇਹ ਗੁਝੀਆਂ ਸੱਟਾਂ ਸਨ। ਮੋਟਰ ਸਾਈਕਲ ਚਲਾਉਣਾ ਔਖਾ ਹੋ ਗਿਆ। ਫਿਰ ਚਾਚਾ ਜੀ ਪਾਪਾ ਜੀ ਨੂੰ ਰਸਤੇ ਵਿੱਚ ਪੈਂਦੇ ਮੇਰੇ ਨਾਨਕੇ ਪਿੰਡ ਬਾਦੀਆਂ (ਔਲਖ ਦੇ ਨੇੜੇ) ਛੱਡ ਆਏ। ਰਾਤ ਨੂੰ ਤਕਲੀਫ ਜਿਆਦਾ ਵਧ ਗਈ। ਪਾਪਾ ਜੀ ਲਈ ਉੱਠਣਾ ਬੈਠਣਾ ਅਤੇ ਜੰਗਲ ਪਾਣੀ ਜਾਣਾ ਵੀ ਮੁਸ਼ਕਿਲ ਹੋ ਗਿਆ। ਪਾਪਾ ਜੀ ਉਸ ਸਮੇਂ ਮੇਰੇ ਵੱਡੇ ਮਾਮੇ ਸ਼ਾਦੀ ਰਾਮ ਦੇ ਘਰ ਸਨ। ਮਾਮੀ ਜੀ ਤਾਂ ਮੇਰੀ ਸੁਰਤ ਤੋਂ ਪਹਿਲਾਂ ਹੀ ਗੁਜ਼ਰ ਗਏ ਸਨ। ਪਾਪਾ ਜੀ ਦੀ ਸੇਵਾ ਦਾ ਕੰਮ ਮੇਰੇ ਮਾਮਾ ਜੀ ਦੇ ਛੋਟੇ ਲੜਕੇ ਨੇ ਸੰਭਾਲ ਲਿਆ। ਉਹ ਬੀਏ ਪਾਸ ਸੀ। ਓਦੋਂ ਬੀਏ ਪਾਸ ਹੋਣਾ ਬਹੁਤ ਵੱਡੀ ਗੱਲ ਹੁੰਦੀ ਸੀ। ਉਸਨੇ ਪਾਪਾ ਜੀ ਦੀ ਪੂਰੀ ਸੇਵਾ ਕੀਤੀ। ਹੱਥੀ ਮਲ ਮੂਤਰ ਚੁੱਕਿਆ। ਇਹ ਕੰਮ ਕੋਈ ਸੌਖਾ ਨਹੀਂ ਸੀ। ਮਾਮਾ ਜੀ ਦੀਆਂ ਬੇਟੀਆਂ ਨੇ ਵੀ ਸੇਵਾ ਵੱਲੋਂ ਕੋਈ ਕਸਰ ਨਾ ਛੱਡੀ। ਫੁਫੜਾ ਫੁਫੜਾ ਕਰਦੀਆਂ ਰੋਟੀ ਪਾਣੀ ਚਾਹ ਸੇਵੀਆਂ ਖਵਾਉਂਦੀਆਂ। ਸਰੀਰ ਤੇ ਆਈ ਭਾਰੀ ਤਕਲੀਫ ਤੇ ਪੂਰੇ ਪਰਿਵਾਰ ਦੀ ਸੇਵਾ ਨੇ ਜਲਦੀ ਕਾਬੂ ਪਾ ਲਿਆ। ਪਾਪਾ ਜੀ ਉਸ ਪਰਿਵਾਰ ਵੱਲੋਂ ਕੀਤੀ ਸੇਵਾ ਤੋਂ ਖੂਬ ਪ੍ਰਭਾਵਿਤ ਹੋਏ। ਉਹਨਾਂ ਨੇ ਉਹਨਾਂ ਬਿਨ ਮਾਂ ਦੀਆਂ ਧੀਆਂ ਲਈ ਯੋਗ ਵਰ ਲਭਕੇ ਹੱਥ ਪੀਲੇ ਕਰਨ ਲਈ ਦਾ ਬੀੜਾ ਚੁੱਕਿਆ। ਇਸ ਲਈ ਉਹਨਾਂ ਨੇ ਮੇਰੇ ਦਾਦਾ ਜੀ ਨੂੰ ਆਪਣੇ ਵਿਸ਼ਵਾਸ ਵਿੱਚ ਲੈਕੇ ਉਹਨਾਂ ਦੇ ਰਿਸ਼ਤੇ ਆਪਣੀ ਭੂਆ ਦੇ ਮੁੰਡਿਆਂ ਨੂੰ ਕਰਵਾ ਦਿੱਤੇ। ਸ਼ੁਰੂ ਤੋਂ ਹੀ ਪਾਪਾ ਜੀ ਦਾ ਆਪਣੇ ਸਹੁਰੇ ਪਰਿਵਾਰ ਤੇ ਦਬਦਬਾ ਸੀ। ਚਾਹੇ ਪਾਪਾ ਜੀ ਮੇਰੇ ਨਾਨਾ ਜੀ ਦੇ ਸਭ ਤੋਂ ਛੋਟੇ ਜਵਾਈ ਸਨ ਪਰ ਇਹਨਾਂ ਦਾ ਕਹਿਣਾ ਕੋਈ ਨਹੀਂ ਸੀ ਉਲਟਾਉਂਦਾ। ਪਾਪਾ ਜੀ ਨੇ ਇਹ ਰਿਸ਼ਤੇ ਹੀ ਨਹੀਂ ਕਰਵਾਏ ਸਗੋਂ ਮੂਹਰੇ ਲੱਗਕੇ ਵਿਆਹ ਦੇ ਕਾਰਜ ਨੇਪਰੇ ਚਾੜੇ। ਗੱਲ ਐਂਕਲ ਦੇਸ ਰਾਜ ਬਾਰੇ ਇਹੀ ਸੀ ਕਿ ਉਹ ਸਾਡੇ ਸੁੱਖ ਦੁੱਖ ਤੇ ਨਹੀਂ ਆਏ ਤੇ ਨਾ ਹੀ ਅਸੀਂ ਬੁਲਾਇਆ। ਪ੍ਰੰਤੂ ਮੇਰੇ ਚਾਚਾ ਜੀ ਦੇ ਪਰਿਵਾਰ ਨਾਲ ਉਹਨਾਂ ਦੇ ਸਬੰਧ ਵਧੀਆ ਹੀ ਨਹੀਂ ਸਗੋਂ ਪਰਵਾਰਿਕ ਰਹੇ। ਜਿਵੇ ਕਹਿੰਦੇ ਹਨ ਕਿਸੇ ਨੂੰ ਮਾਂਹ ਵਾਦੀ ਤੇ ਕਿਸੇ ਨੂੰ ਸਵਾਦੀ।



**ਰਮੇਸ ਸੇਠੀ ਬਾਦਲ**
**987627233**

# ਕੀ ਆਧੁਨਿਕ ਮਨੁੱਖ ਸਿਰਫ਼ ਇੱਕ ਤਮਾਸ਼ਬੀਨ ਬਣ ਕੇ ਰਹਿ ਗਿਆ ਹੈ?

ਇੱਕ ਤਮਾਸ਼ਬੀਨ ਉਹ ਹੈ ਜੋ ਘਟਨਾ ਨੂੰ ਸਿਰਫ਼ ਵੇਖਦਾ ਹੈ, ਉਸ ਵਿੱਚ ਹਿੱਸਾ ਨਹੀਂ ਲੈਂਦਾ। ਉਹ ਦਰਸ਼ਕ ਹੈ, ਨਾ ਕਿ ਕਰਤਾ। ਉਸਦੀ ਨਜ਼ਰ ਵਿੱਚ ਸਭ ਕੁਝ ਇੱਕ ਤਮਾਸ਼ਾ ਬਣ ਜਾਂਦਾ ਹੈ, ਖੁਸ਼ੀ, ਦੁੱਖ, ਹਾਦਸਾ ਜਾਂ ਸੰਘਰਸ਼।

ਮਨੁੱਖੀ ਸੁਭਾਅ ਵਿੱਚ 'ਦੇਖਣ' ਦੀ ਰੁਚੀ ਬਹੁਤ ਪੁਰਾਣੀ ਹੈ। ਪੁਰਾਣੇ ਸਮੇਂ ਵਿੱਚ ਲੋਕ ਮੇਲਿਆਂ ਵਿੱਚ ਅਖਾੜੇ ਵੇਖਣ ਲਈ ਇਕੱਠੇ ਹੁੰਦੇ ਸਨ, ਰਾਮਲੀਲਾ ਜਾਂ ਨਾਟਕਾਂ ਦਾ ਆਨੰਦ ਲੈਂਦੇ ਸਨ। ਉਸ ਵੇਲੇ ਵੀ ਤਮਾਸ਼ਾ ਇੱਕ ਮਨੋਰੰਜਨ ਸੀ, ਪਰ ਉਸ ਤਮਾਸ਼ੇ ਵਿੱਚ ਭਾਵਨਾਤਮਕ ਜੁੜਾਅ ਅਤੇ ਸਮਾਜਿਕ ਬੰਧਨ ਵੀ ਸੀ। ਲੋਕ ਵੇਖਦੇ ਸਨ ਤਾਂ ਜੋ ਆਪਣੀ ਜ਼ਿੰਦਗੀ ਨਾਲ ਉਸਨੂੰ ਜੋੜ ਸਕਣ। ਪਰ ਅੱਜ ਦਾ ਤਮਾਸ਼ਬੀਨ ਮਨੁੱਖ ਉਸ ਤੋਂ ਬਿਲਕੁਲ ਵੱਖਰਾ ਹੈ। ਉਹ ਵੇਖਦਾ ਹੈ ਪਰ ਛੂੰਹਦਾ ਨਹੀਂ, ਸੁਣਦਾ ਹੈ ਪਰ ਬੋਲਦਾ ਨਹੀਂ।

ਆਧੁਨਿਕਤਾ ਨੇ ਮਨੁੱਖ ਵਿੱਚੋਂ ਸੰਵੇਦਨਸ਼ੀਲਤਾ ਖੋਹ ਲਈ ਹੈ। ਅੱਜ ਜਦੋਂ ਕੋਈ ਹਾਦਸਾ ਵਾਪਰਦਾ ਹੈ, ਸੜਕ ਉੱਤੇ ਕੋਈ ਵਿਅਕਤੀ ਲਹੂ ਲੁਹਾਣ ਪਿਆ ਹੋਵੇ ਜਾਂ ਕੋਈ ਔਰਤ ਚੀਕ ਰਹੀ ਹੋਵੇ, ਲੋਕ ਉਸਦੀ ਮਦਦ ਕਰਨ ਦੀ ਬਜਾਏ ਆਪਣੇ ਮੋਬਾਈਲ ਫੋਨ ਕੱਢ ਲੈਂਦੇ ਹਨ। ਉਹ ਉਸ ਦੁੱਖ ਨੂੰ ਰਿਕਾਰਡ ਕਰਦੇ ਹਨ, ਲਾਈਵ ਕਰਦੇ ਹਨ, ਪਰ ਉਸ ਵਿਅਕਤੀ ਦਾ ਹੱਥ ਫੜਨ ਲਈ ਅੱਗੇ ਨਹੀਂ ਵਧਦੇ। ਇਹ ਇੱਕ ਡਰਾਉਣੀ ਤਸਵੀਰ ਹੈ।ਮਨੁੱਖ ਆਪਣੀਆਂ ਅੱਖਾਂ ਨਾਲ ਵੇਖ ਰਿਹਾ ਹੈ, ਪਰ ਉਸਦਾ ਦਿਲ ਅੰਨ੍ਹਾ ਹੋ ਚੁੱਕਿਆ ਹੈ। ਉਹ ਤਮਾਸ਼ਾ ਵੇਖ ਰਿਹਾ ਹੈ, ਜਿਵੇਂ ਕੋਈ ਫਿਲਮ ਚੱਲ ਰਹੀ ਹੋਵੇ। ਇਸ ਤਰ੍ਹਾਂ ਅਸੀਂ ਆਪਣੀਆਂ ਭਾਵਨਾਵਾਂ ਨੂੰ ਇੱਕ ਪਰਦੇ ਪਿੱਛੇ ਛੁਪਾ ਰਹੇ ਹਾਂ ਅਤੇ ਆਪਣੇ ਆਪ ਨੂੰ ਭਾਵਨਾਤਮਕ ਤੌਰ 'ਤੇ ਸੁਰੱਖਿਅਤ ਰੱਖਣ ਦੀ ਭੁੱਲ ਵਿੱਚ ਰੁੱਝੇ ਹੋਏ ਹਾਂ।

ਸੋਸ਼ਲ ਮੀਡੀਆ ਨੇ ਇਸ ਤਮਾਸ਼ਬੀਨੀ ਸੁਭਾਅ ਨੂੰ ਇੱਕ ਨਵੀਂ ਉਚਾਈ ਦਿੱਤੀ ਹੈ। ਅੱਜ ਹਰ ਵਿਅਕਤੀ ਕੋਲ ਇੱਕ ਕੈਮਰਾ ਹੈ। ਹਾਦਸਾ ਵਾਪਰਦਾ ਹੈ ਤਾਂ ਪਹਿਲਾਂ ਵੀਡੀਓ ਬਣਾਈ ਜਾਂਦੀ ਹੈ, ਬਾਅਦ ਵਿੱਚ ਸੋਚਿਆ ਜਾਂਦਾ ਹੈ ਕਿ ਇਸਦੀ ਮਦਦ ਕਿਵੇਂ ਕੀਤੀ ਜਾਵੇ। ਲੋਕ ਦੂਜਿਆਂ ਦੀ ਨਿੱਜਤਾ ਅਤੇ ਦਰਦ ਨੂੰ ਲਾਈਕਸ ਅਤੇ ਸ਼ੇਅਰਾਂ ਲਈ ਤਮਾਸ਼ਾ ਬਣਾ ਰਹੇ ਹਨ। ਇੱਕ ਰੋਂਦੀ ਔਰਤ ਦੀਆਂ ਤਸਵੀਰਾਂ, ਕਿਸੇ ਬੱਚੇ ਦਾ ਭੁੱਖ ਨਾਲ ਤੜਫਣਾ, ਜਾਂ ਕਿਸੇ ਬਜ਼ੁਰਗ ਦਾ ਇਕੱਲਾਪਣ, ਸਭ ਕੁਝ ਇੱਕ 'ਕੰਟੈਂਟ' ਬਣ ਗਿਆ ਹੈ। ਅਸੀਂ ਉਸ ਦੁੱਖ ਨੂੰ ਆਪਣੀ ਪ੍ਰਸਿੱਧੀ ਲਈ ਵਰਤ ਰਹੇ ਹਾਂ। ਇਸ ਤਰ੍ਹਾਂ ਅਸੀਂ ਇੱਕ ਨਵੀਂ ਤਰ੍ਹਾਂ ਦੀ 'ਡਿਜੀਟਲ ਤਮਾਸ਼ਬੀਨੀ' ਵਿੱਚ ਫਸ ਗਏ ਹਾਂ, ਜਿੱਥੇ ਹਰ ਘਟਨਾ ਸਿਰਫ਼ ਇੱਕ ਪੋਸਟ ਬਣ ਜਾਂਦੀ ਹੈ ਅਤੇ ਉਸਦਾ ਅਸਲੀ ਮਾਨਵੀ ਪੱਖ ਖਤਮ ਹੋ ਜਾਂਦਾ ਹੈ।

ਮਨੋਵਿਗਿਆਨ ਵਿੱਚ ਇਸ ਘਟਨਾ ਨੂੰ ਬਾਈਸਟੈਂਡਰ ਇਫੈਕਟ ਕਿਹਾ ਜਾਂਦਾ ਹੈ। ਜਦੋਂ ਭੀੜ ਵੱਡੀ ਹੁੰਦੀ ਹੈ ਤਾਂ ਹਰ ਵਿਅਕਤੀ ਇਹ ਸੋਚਦਾ ਹੈ ਕਿ ਕੋਈ ਨਾ ਕੋਈ ਤਾਂ ਮਦਦ ਕਰੇਗਾ। ਇਸ ਲਈ ਉਹ ਖੁਦ ਪਿੱਛੇ ਹਟ ਜਾਂਦਾ ਹੈ। ਉਸਨੂੰ ਲੱਗਦਾ ਹੈ, "ਮੈਂ ਕੀ ਲੈਣਾ ਹੈ ? ਕੋਈ ਹੋਰ ਵੇਖ ਲਵੇਗਾ।" ਇਹ ਇੱਕ ਖਤਰਨਾਕ ਮਾਨਸਿਕਤਾ ਹੈ ਜੋ ਜ਼ਿੰਮੇਵਾਰੀ ਨੂੰ ਵੰਡਦੀ ਹੈ ਅਤੇ ਆਖਰ ਵਿੱਚ ਕਿਸੇ ਅਣਜਾਣ ਵਿਅਕਤੀ ਉੱਤੇ ਉਸਨੂੰ ਖਤਮ ਕਰ ਦਿੰਦੀ ਹੈ। ਭੀੜ ਵਿੱਚ ਵਿਅਕਤੀ ਆਪਣੀ ਵਿਅਕਤੀਗਤ ਜ਼ਿੰਮੇਵਾਰੀ ਭੁੱਲ ਜਾਂਦਾ ਹੈ ਅਤੇ ਇੱਕ ਅਣਜਾਣ ਤਮਾਸ਼ਬੀਨ ਬਣ ਜਾਂਦਾ ਹੈ। ਇਸ ਤਰ੍ਹਾਂ ਉਹ ਆਪਣੀ ਇਨਸਾਨੀਅਤ ਨੂੰ ਖੋ ਬੈਠਾ ਹੈ।

ਸਾਹਿਤਕ ਅਤੇ ਬੁੱਧੀਜੀਵੀ ਨਜ਼ਰੀਏ ਤੋਂ ਵੀ ਇਹ ਤਮਾਸ਼ਬੀਨੀ ਬਹੁਤ ਖ਼ਤਰਨਾਕ ਹੈ। ਫਰਾਂਸੀਸੀ ਲੇਖਕ ਅਲਬੇਅਰ ਕਾਮੂ ਨੇ ਆਪਣੀਆਂ ਰਚਨਾਵਾਂ ਵਿੱਚ ਆਧੁਨਿਕ ਮਨੁੱਖ ਦੀ ਇਸ ਅਜੀਬ ਉਦਾਸੀ ਅਤੇ ਅਲਗ-ਥਲੱਗਤਾ ਬਾਰੇ ਲਿਖਿਆ ਹੈ। ਉਸ ਅਨੁਸਾਰ ਇੱਕ ਸੰਵੇਦਨਸ਼ੀਲ ਸਮਾਜ ਲਈ ਇਹ ਬਹੁਤ ਵੱਡਾ ਖਤਰਾ ਹੈ ਕਿ ਲੋਕ ਆਪਣੀਆਂ ਭਾਵਨਾਵਾਂ ਨੂੰ ਖਾਮੋਸ਼ ਕਰ ਲੈਣ ਅਤੇ ਸਿਰਫ਼ ਦਰਸ਼ਕ ਬਣ ਕੇ ਰਹਿ ਜਾਣ। ਪੰਜਾਬੀ ਸਾਹਿਤ ਵਿੱਚ ਵੀ ਸ਼ਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ, ਪਾਸ਼ ਅਤੇ ਗੁਰਦਿਆਲ ਸਿੰਘ ਵਰਗੇ ਲੇਖਕਾਂ ਨੇ ਇਸ ਤਰ੍ਹਾਂ ਦੇ ਭਾਵਨਾਤਮਕ ਖੋਖਲਾਪਣ ਬਾਰੇ ਲਿਖਿਆ ਹੈ। ਉਨ੍ਹਾਂ ਅਨੁਸਾਰ ਜੇਕਰ ਮਨੁੱਖ ਸਿਰਫ਼ ਤਮਾਸ਼ਬੀਨ ਬਣਿਆ ਰਿਹਾ ਤਾਂ ਉਸਦੀ ਰੂਹ ਮਰ ਜਾਵੇਗੀ।

ਇੱਕ ਸਮਾਜ ਜਿੱਥੇ ਹਰ ਵਿਅਕਤੀ ਸਿਰਫ਼ ਵੇਖਣ ਵਾਲਾ ਹੈ, ਉੱਥੇ ਨਾ ਤਾਂ ਪਿਆਰ ਟਿਕ ਸਕਦਾ ਹੈ ਅਤੇ ਨਾ ਹੀ ਨਿਆਂ। ਪਰ ਕੀ ਉਮੀਦ ਬਿਲਕੁਲ ਖਤਮ ਹੋ ਗਈ ਹੈ?

ਬਿਲਕੁੱਲ ਨਹੀਂ। ਉਮੀਦ ਹਮੇਸ਼ਾ ਉਸ ਚਿੰਗਾਰੀ ਵਿੱਚ ਬਚੀ ਰਹਿੰਦੀ ਹੈ ਜੋ ਇੱਕ ਵਿਅਕਤੀ ਦੇ ਅੰਦਰ ਅਜੇ ਵੀ ਜਗਮਗਾਉਂਦੀ ਹੈ। ਮਨੁੱਖ ਨੂੰ ਇੱਕ ਤਮਾਸ਼ਬੀਨ ਤੋਂ ਇੱਕ ਹਿੱਸੇਦਾਰ ਬਣਨ ਲਈ ਆਪਣੀ ਅੰਦਰੂਨੀ ਆਵਾਜ਼ ਨੂੰ ਸੁਣਨਾ ਚਾਹੀਦਾ ਹੈ। ਉਸਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਸਿਰਫ਼ ਇੱਕ ਦਰਸ਼ਕ ਨਹੀਂ, ਬਲਕਿ ਇਸ ਸੰਸਾਰ ਦਾ ਇੱਕ ਜੀਵੰਤ ਅੰਗ ਹੈ। ਛੋਟੀਆਂ-ਛੋਟੀਆਂ ਕਿਰਿਆਵਾਂ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ। ਕਿਸੇ ਦੁੱਖੀ ਵਿਅਕਤੀ ਦਾ ਹੱਥ ਫੜਨਾ, ਉਸਦੀ ਆਵਾਜ਼ ਬਣਨਾ, ਅਤੇ ਸੋਸ਼ਲ ਮੀਡੀਆ ਉੱਤੇ ਸਿਰਫ਼ ਤਮਾਸ਼ਾ ਵੇਖਣ ਦੀ ਬਜਾਏ ਉਸਦੀ ਮਦਦ ਲਈ ਅੱਗੇ ਵਧਣਾ।

ਅਸੀਂ ਆਪਣੀਆਂ ਅੱਖਾਂ ਨੂੰ ਸਿਰਫ਼ ਵੇਖਣ ਲਈ ਨਹੀਂ, ਬਲਕਿ ਸਮਝਣ ਅਤੇ ਜੋੜਨ ਲਈ ਵਰਤੀਏ। ਆਪਣੇ ਹਿਰਦੇ ਨੂੰ ਫਿਰ ਤੋਂ ਜੀਵੰਤ ਕਰੀਏ। ਤਮਾਸ਼ਬੀਨ ਤੋਂ ਸੰਵੇਦਨਸ਼ੀਲ ਬਣਨਾ ਇੱਕ ਵਿਅਕਤੀਗਤ ਇਨਕਲਾਬ ਹੈ। ਜੇਕਰ ਅਸੀਂ ਇਸ ਇਨਕਲਾਬ ਨੂੰ ਅਪਣਾਉਣ ਵਿੱਚ ਸਫਲ ਹੋ ਗਏ ਤਾਂ ਇੱਕ ਬਿਹਤਰ, ਸੰਵੇਦਨਸ਼ੀਲ ਅਤੇ ਜੀਵੰਤ ਸਮਾਜ ਦੀ ਉਸਾਰੀ ਹੋ ਸਕਦੀ ਹੈ। ਨਹੀਂ ਤਾਂ ਅਸੀਂ ਸਿਰਫ਼ ਇੱਕ ਵੱਡੇ ਡਿਜੀਟਲ ਤਮਾਸ਼ੇ ਵਿੱਚ ਖੜ੍ਹੇ ਰਹਾਂਗੇ, ਵੇਖਦੇ ਰਹਾਂਗੇ ਅਤੇ ਆਪਣੀ ਮਾਨਵੀਅਤਾ ਗਵਾਉਂਦੇ ਰਹਾਂਗੇ।

ਫੈਸਲਾ ਸਾਡਾ ਹੈ........

ਕੀ ਅਸੀਂ ਸਿਰਫ਼ ਤਮਾਸ਼ਬੀਨ ਬਣ ਕੇ ਰਹਿਣਾ ਹੈ ਜਾਂ ਇਸ ਸੰਸਾਰ ਦਾ ਸਾਥੀ ਬਣ ਕੇ ਇਸਨੂੰ ਬਦਲਣਾ ਹੈ।



ਗੁਰਦੀਪ ਕੌਰੇਆਣਾ
9915013953

# ਕਿਤਾਬ:ਵਿਛੋੜਾ (ਇੱਕ ਦਰਦ)

**ਪੁਸਤਕ ਰੀਵਿਊ: ਮਨਜੀਤ ਕੌਰ ਧੀਮਾਨ**
**ਲੇਖਕ: ਗੁਰਦੀਪ ਸਿੰਘ ਲੋਟੇ**

ਗੁਰਦੀਪ ਸਿੰਘ ਲੋਟੇ ਸਾਹਿਤ ਜਗਤ ਵਿੱਚ ਕੋਈ ਨਵਾਂ ਨਾਮ ਨਹੀਂ ਹੈ। ਉਹ ਬਹੁਤ ਹੀ ਸੁਲਝੇ ਹੋਏ ਤੇ ਵਧੀਆ ਲੇਖਕ ਹਨ। ਜਿਸ ਕੰਮ ਦੀ ਜ਼ਿੰਮੇਵਾਰੀ ਲੈਂਦੇ ਹਨ ਉਸ ਕੰਮ ਨੂੰ ਬਹੁਤ ਸੁਹਿਰਦਤਾ ਨਾਲ ਕਰਦੇ ਹਨ। ਉਹ ਹਰਫ਼ਾਂ ਦੀ ਲੋਅ ਸਾਹਿਤਕ ਸੰਸਥਾ ਦੇ ਮੈਂਬਰ ਵੀ ਹਨ ਤੇ ਸੰਸਥਾ ਨੂੰ ਅੱਗੇ ਤੋਰਨ ਲਈ ਹਮੇਸ਼ਾਂ ਕਾਰਜਸ਼ੀਲ ਰਹਿੰਦੇ ਹਨ।

ਹਰਫ਼ਾਂ ਦੀ ਲੋਅ ਸਾਹਿਤਕ ਸੰਸਥਾ ਦੇ ਸਮਾਗਮ ਦੌਰਾਨ ਹੀ ਵੀਰ ਗੁਰਦੀਪ ਸਿੰਘ ਲੋਟੇ ਦੀ ਕਿਤਾਬ ' ਵਿਛੋੜਾ '(ਇੱਕ ਦਰਦ) ਲੋਕ ਅਰਪਣ ਕੀਤੀ ਗਈ। ਇਹ ਕਿਤਾਬ ਲੋਕ ਅਰਪਣ ਕਰਦੇ ਸਮੇਂ ਹੀ ਜਦੋਂ ਸਿਰਲੇਖ ਉੱਤੇ ਨਜ਼ਰ ਗਈ ਤਾਂ ਇੰਝ ਲੱਗਿਆ ਕਿ ਇਸ ਵਿੱਚ ਬਹੁਤ ਦਰਦ ਲੁਕਿਆ ਹੋਇਆ ਹੈ। ਜਿਵੇਂ ਇਸਦੇ ਅੰਦਰ ਦਾ ਦਰਦ ਬਾਹਰ ਨਿਕਲਣ ਲਈ ਤੜਫ ਰਿਹਾ ਹੋਵੇ। ਖ਼ੈਰ ਸਮਾਗਮ ਤੋਂ ਘਰ ਪਹੁੰਚਦਿਆਂ ਹੀ ਇਸ ਕਿਤਾਬ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਜਿੰਨਾ ਸੋਚਿਆ ਸੀ ਉਸ ਤੋਂ ਵੀ ਵਧੇਰੇ ਦਰਦ ਇਹ ਨਿੱਕੀ ਜਿਹੀ ਕਿਤਾਬ ਆਪਣੇ ਅੰਦਰ ਸਮੋਈ ਬੈਠੀ ਸੀ। ਜਿਉਂ ਜਿਉਂ ਕਿਤਾਬ ਮੈਂ ਪੜ੍ਹ ਰਹੀ ਸੀ ਇੰਝ ਲੱਗਦਾ ਸੀ ਕਿ ਸਾਰੇ ਦੇ ਸਾਰੇ ਪਾਤਰ ਮੇਰੇ ਸਾਹਮਣੇ ਆ ਗਏ ਹਨ ਅਤੇ ਇਹ ਸਭ ਮੇਰੀਆਂ ਅੱਗੇ ਵਾਪਰ ਰਿਹਾ ਹੈ। ਇਹੀ ਕਿਸੇ ਕਿਤਾਬ ਦੀ ਸਾਰਥਕਤਾ ਹੁੰਦੀ ਹੈ।

ਇਹ ਉਸ ਬੁਰੇ ਵਕਤ ਦੀ ਕਹਾਣੀ ਹੈ ਜਦੋਂ ਇਨਸਾਨ ਦੀ ਇਨਸਾਨੀਅਤ ਮਰ ਗਈ ਸੀ। ਆਪਣੇ ਕਹਾਉਣ ਵਾਲੇ ਸੰਗੀ ਸਾਥੀ ਹੈਵਾਨ ਬਣ ਕੇ ਆਪਣਿਆਂ ਦੀਆਂ ਹੀ ਬੋਟੀਆਂ ਨੋਚਣ ਲੱਗ ਪਏ ਸਨ। ਓਦੋਂ ਤਾਂ ਸ਼ਾਇਦ ਉਹ ਪਰਮਾਤਮਾ ਤੇ ਉਹ ਅੱਲ੍ਹਾ ਵੀ ਧਾਹਾਂ ਮਾਰ-ਮਾਰ ਕੇ ਰੋਏ ਹੋਣਗੇ ਜਿਨ੍ਹਾਂ ਦੇ ਨਾਮ ਹੇਠ ਇਹ ਗੰਦਾ ਖੇਡ ਖੇਡਿਆ ਗਿਆ ਸੀ।

ਪਤਾ ਨਹੀਂ ਲੋਟੇ ਵੀਰ ਨੇ ਇਹ ਦਰਦ ਕਿਵੇਂ ਕਾਗਜ਼ਾਂ ਦੀ ਹਿੱਕ







ਤੇ ਉਤਾਰਿਆ ਹੋਵੇਗਾ। ਇਹਨੂੰ ਨਾਵਲ ਦਾ ਰੂਪ ਦੇਣਾ ਕਿੰਨਾ ਔਖਾ ਲਗਿਆ ਹੋਣਾ। ਇਸ ਨਾਵਲ ਦੀ ਕਹਾਣੀ ਦਾ ਇੱਕ ਇੱਕ ਪਾਤਰ ਕਮਾਲ ਦੀ ਛਾਪ ਛੱਡ ਕੇ ਗਿਆ ਹੈ। ਬੜੇ ਅਫਸੋਸ ਦੀ ਗੱਲ ਹੈ ਕਿ ਇਹ ਸਾਡਾ ਇਤਿਹਾਸ ਹੈ। ਪਰ ਇੱਥੇ ਇਹ ਗੱਲ ਵੀ ਵਿਚਾਰਨਯੋਗ ਹੈ ਕਿ 47 ਦੇ ਸਮੇਂ ਜਿੱਥੇ ਰਹਿਮਤ ਵਰਗੇ ਲੋਕਾਂ ਨੇ ਇੱਕ ਦੂਜੇ ਦਾ ਘਾਣ ਕੀਤਾ ਛੋਟੀਆਂ ਬੱਚੀਆਂ ਦੀ ਪੱਤ ਲੁੱਟੀ ਉੱਥੇ ਕਾਸਿਮ ਵਰਗੇ ਲੋਕ ਇੱਦਾਂ ਦੇ ਵੀ ਸਨ ਜਿਨ੍ਹਾਂ ਨੇ ਆਪਣੀਆਂ ਜਾਨਾਂ ਵਾਰ ਕੇ ਯਾਰੀਆਂ ਨਿਭਾਈਆਂ। ਇਹ ਸਿਰਫ਼ ਇੱਕ ਪਰਿਵਾਰ ਦੀ ਨਹੀਂ ਸਗੋਂ ਪੂਰੇ ਦੇਸ਼ ਦੀ ਕਹਾਣੀ ਹੈ। ਇਹ ਉਹ ਕਾਲਾ ਦੌਰ ਹੈ ਜਿਹੜਾ ਮਰਦੇ ਦਮ ਤੱਕ ਸਾਡੀਆਂ ਅੱਖਾਂ ਵਿੱਚ ਰੜਕਦਾ ਰਹੇਗਾ। ਸੱਚ ਕਹਿੰਦੇ ਹਨ ਸਾਧੂ ਸੰਤ ਲੋਕ ਕਿ ਇਨਸਾਨ ਜਦੋਂ ਸ਼ੈਤਾਨ ਦੇ ਅਧੀਨ ਆ ਜਾਏ ਤਾਂ ਉਹ ਜਾਨਵਰ ਬਣ ਜਾਂਦਾ ਹੈ ਤੇ ਆਪਣਾ ਆਪਾ ਗੁਆ ਦਿੰਦਾ ਹੈ। ਜੇਕਰ ਦੇਸ਼ ਵੰਡਿਆ ਗਿਆ ਸੀ ਤਾਂ ਸੁਲ੍ਹ ਸ਼ਾਂਤੀ ਨਾਲ ਵੀ ਵਖਰੇਵਾਂ ਹੋ ਸਕਦਾ ਸੀ ਪਰ ਧਰਮਾਂ ਦੇ ਨਾਂਅ ਤੇ ਇੱਕ ਦੂਜੇ ਨੂੰ ਮਾਰ ਕੇ ਭਲਾਂ ਕੀ ਖੱਟ ਲਿਆ ਗਿਆ?

ਅੰਤ ਵਿੱਚ ਮੈਂ ਲੋਟੇ ਵੀਰ ਨੂੰ ਇਸ ਗੱਲ ਦੀ ਮੁਬਾਰਕਵਾਦ ਦੇਣਾ ਚਾਹੁੰਦੀ ਹਾਂ ਕਿ ਉਹਨਾਂ ਦਾ ਇਹ ਨਾਵਲ ਬਹੁਤ ਵਧੀਆ ਹੈ। ਸੱਚਾਈ ਤੇ ਅਧਾਰਤ, ਪਾਤਰਾਂ ਦਾ ਨਿਭਾਅ, ਸਮੇਂ ਦੀ ਸਹੀ ਜਾਂਚ, ਭਾਸ਼ਾ ਦੀ ਸ਼ੁੱਧਤਾ ਆਦਿ ਸਭ ਕੁਝ ਵਧੀਆ ਹੈ। ਸਿਰਲੇਖ ਢੁੱਕਵਾਂ ਹੈ, ਕਹਾਣੀ ਦੀ ਸ਼ੁਰੂਆਤ ਤੇ ਅੰਤ ਬਹੁਤ ਵਧੀਆ ਨਿਭਿਆ ਹੈ। ਮੈਂ ਚਾਹੁੰਦੀ ਹਾਂ ਕਿ ਇਹ ਨਾਵਲ ਸਾਰੇ ਪਾਠਕਾਂ ਤੱਕ ਪਹੁੰਚੇ ਅਤੇ ਇਹੋ ਜਿਹੀਆਂ ਵਧੀਆ ਤੇ ਪੜ੍ਹਨਯੋਗ ਕਿਤਾਬਾਂ ਪੜ੍ਹ ਕੇ ਸਾਨੂੰ ਇਤਿਹਾਸ ਦੇ ਰੂਬਰੂ ਹੋਣਾ ਚਾਹੀਦਾ ਹੈ ਤੇ ਸੱਚਾਈ ਬਾਰੇ ਜਾਨਣਾ ਚਾਹੀਦਾ ਹੈ।ਇਨਸਾਨ ਨੂੰ ਧਰਮਾਂ- ਜਾਤਾਂ ਤੋਂ ਉੱਪਰ ਉੱਠ ਕੇ ਆਪਣੇ ਅੰਦਰ ਵੱਸਦੇ ਰੱਬ ਅਤੇ ਬਾਹਰ ਰਹਿੰਦੇ ਇਨਸਾਨਾਂ ਨਾਲ ਇਨਸਾਨੀਅਤ ਨਿਭਾਉਣੀ ਚਾਹੀਦੀ ਹੈ। ਵਾਹਿਗੁਰੂ ਜੀ ਲੋਟੇ ਵੀਰ ਦੀ ਕਲਮ ਨੂੰ ਹੋਰ ਵੀ ਬੱਲ ਬਖ਼ਸ਼ਣ ਤੇ ਆਉਣ ਵਾਲੀਆਂ ਹੋਰ ਕਿਤਾਬਾਂ ਵੀ ਇਸੇ ਤਰ੍ਹਾਂ ਮੂੰਹੋਂ ਬੋਲਦੀਆਂ ਹੋਣ।ਵੀਰ ਜੀ ਦੀ ਕਲਮ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇ।

ਸਾਹਿਤ ਜਗਤ ਦੀ ਕਿਣਕੇ ਮਾਤਰ,



ਮਨਜੀਤ ਕੌਰ ਧੀਮਾਨ,
ਸ਼ੇਰਪੁਰ ਲੁਧਿਆਣਾ।
ਸੰ 9464633059

# ਲੋਕ ਖੁਸ਼ ਕਿਉਂ ਨਹੀਂ ਹਨ?

ਵੱਡੀ ਗਿਣਤੀ ਗੋਰਿਆਂ ਨੂੰ ਦੇਖੋ ਤਾਂ ਉਨ੍ਹਾਂ ਦੇ ਹਸੂੰ ਹਸੂੰ (ਹੱਸਦੇ) ਕਰਦੇ ਚਿਹਰੇ ਮਨ ਨੂੰ ਭਾਉਂਦੇ ਹਨ । ਇਵੇਂ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਨੂੰ ਸ਼ਾਇਦ ਕੋਈ ਸਮੱਸਿਆ ਹੀ ਨਹੀਂ ਹੈ ।

ਇਸ ਦੇ ਉਲਟ ਵੱਡੀ ਗਿਣਤੀ ਭਾਰਤੀਆਂ ਦੇ ਚਿਹਰੇ ਉੱਤਰੇ ਹੋਏ ਦਿਖਾਈ ਦਿੰਦੇ ਹਨ ਭਾਵੇਂ ਉਹ ਆਰਥਿਕ ਤੌਰ ਤੇ ਮਜ਼ਬੂਤ ਹੋਣ ਜਾਂ ਕਮਜ਼ੋਰ ।

ਇਸ ਉਦਾਸੀ ਦਾ ਵੱਡਾ ਕਾਰਣ ਹੈ ਕਿ ਅਸੀਂ ਅਸਥਾਈ ਨੂੰ ਸਥਾਈ ਮੰਨ ਬਹਿੰਦੇ ਹਾਂ । ਦੁਨੀਆਂ ਤੇ ਸਾਰੀਆਂ ਚੀਜ਼ਾਂ ਅਸਥਾਈ ਹਨ ਅਤੇ ਸਾਰੀਆਂ ਚੀਜ਼ਾਂ ਨੇ ਬਦਲਦੇ ਰਹਿਣਾ ਹੁੰਦਾ ਹੈ ਲ ਜਦੋਂ ਅਸੀਂ ਅਸਥਾਈ ਨੂੰ ਸਥਾਈ ਸਮਝ ਲੈਂਦੇ ਹਾਂ ਤਾਂ ਸਾਡੇ ਤੋਂ ਬਦਲੀਆਂ ਹੋਈਆਂ ਚੀਜ਼ਾਂ ਜਾਂ ਬਦਲੇ ਹੋਏ ਹਾਲਾਤ ਬਰਦਾਸ਼ਤ ਨਹੀਂ ਹੁੰਦੇ ਜਿਸ ਕਾਰਣ ਅਸੀਂ ਚਿੰਤਾ/ਫ਼ਿਕਰ ਕਰਦੇ ਹਾਂ । ਇਹ ਚਿੰਤਾ ਜਾਂ ਫ਼ਿਕਰ ਹੀ ਸਾਡੀ ਉਦਾਸੀ ਦਾ ਕਾਰਣ ਬਣਦਾ ਹੈ ਜੋ ਬਾਦ ਵਿੱਚ ਡਿਪ੍ਰੈਸ਼ਨ ਅਤੇ ਕਦੇ ਕਦੇ ਆਤਮ ਹੱਤਿਆ ਵੱਲ ਲੈ ਜਾਂਦਾ ਹੈ ।

ਉਦਾਹਰਣ ਦੇ ਤੌਰ ਤੇ ਅਸੀਂ ਆਪਣੇ ਬੱਚਿਆਂ ਤੋਂ ਵੱਧ ਆਸਾਂ ਲਗਾ ਲੈਂਦੇ ਹਾਂ । ਜਦੋਂ ਉਹ ਸਾਡੀ ਆਸ ਤੇ ਪੂਰਾ ਨਹੀਂ ਉੱਤਰਦੇ ਤਾਂ ਸਾਡੇ ਤੇ ਉਦਾਸੀ ਆਉਂਦੀ ਹੈ, ਜਦੋਂ ਸਾਡੇ ਕੋਲ ਪੈਸਾ ਆਉਂਦਾ ਹੈ ਤਾਂ ਇਸ ਦੇ ਚਲੇ ਜਾਣ ਦਾ ਡਰ ਸਾਡੇ ਚਿਹਰੇ ਤੇ ਖੁਸ਼ੀ ਨਹੀਂ ਆਉਣ ਦਿੰਦਾ, ਜਦੋਂ ਸਾਡਾ ਅੱਜ ਵਧੀਆ ਹੁੰਦਾ ਹੈ ਤਾਂ ਅਸੀਂ ਭਵਿੱਖ ਬਾਰੇ ਚਿੰਤਤ ਹੋ ਜਾਂਦੇ ਹਾਂ ਜੋ ਸਾਨੂੰ ਅੱਜ ਵੀ ਖੁਸ਼ ਨਹੀਂ ਹੋਣ ਦਿੰਦਾ, ਜਦੋਂ ਅਸੀਂ ਤੰਦਰੁਸਤ ਹੁੰਦੇ ਹਾਂ ਤਾਂ ਬੇਲੋੜਾ ਹੀ ਬਿਮਾਰ ਹੋਣ ਵਾਲੇ ਹਾਲਾਤਾਂ ਬਾਰੇ ਸੋਚਣ ਲੱਗ ਪੈਂਦੇ ਹਾਂ, ਕਿਸੇ ਪਰਿਵਾਰਿਕ ਮੈਂਬਰ ਦੇ ਵਿਛੋੜੇ ਕਾਰਣ ਵੀ ਜਾਂ ਵਿਛੋੜੇ ਦੇ ਡਰ ਕਾਰਣ ਵੀ ਸਾਡੇ ਚਿਹਰਿਆਂ ਤੇ ਖੁਸ਼ੀ ਨਹੀਂ ਆਉਂਦੀ ਲ ਇਸੇ ਤਰਾਂ ਹੋਰ ਬਹੁਤ ਕਾਰਨ ਹਨ । ਸਚਾਈ ਇਹ ਹੈ ਕਿ ਉਪਰੋਕਤ ਸਭ ਚੀਜ਼ਾਂ ਅਸਥਾਈ ਹਨ ਭਾਵ ਬਦਲਦੀਆਂ ਰਹਿੰਦੀਆਂ ਹਨ ਲ ਤੁਹਾਡੇ ਕੋਸ਼ਿਸ਼ ਕਰਨ ਤੇ ਵੀ ਤੁਸੀਂ ਇਨ੍ਹਾਂ ਨੂੰ ਬਦਲਣੋ ਰੋਕ ਨਹੀਂ ਸਕਦੇ ।

ਇਨ੍ਹਾਂ ਅਸਥਾਈ ਚੀਜ਼ਾਂ ਨੂੰ ਸਥਾਈ ਸਮਝ ਲੈਣਾ ਹੀ ਸਾਡੇ ਚਿਹਰਿਆਂ ਤੇ ਖੁਸ਼ੀ ਨਹੀਂ ਆਉਣ ਦਿੰਦਾ ।

ਆਪਣੀ ਸੋਚ ਨੂੰ ਬਦਲ ਕੇ ਅਤੇ ਸੱਚ ਨੂੰ ਕਬੂਲ ਕਰਕੇ ਹੀ ਖੁਸ਼ੀ ਹਾਸਿਲ ਕੀਤੀ ਜਾ ਸਕਦੀ ਹੈ ।

ਆਪਣੇ ਆਪ ਨੂੰ ਬਦਲੋ ਤਾਂ ਚਿਹਰਿਆਂ ਤੇ ਖੁਸ਼ੀ ਦੀ ਲਹਿਰ ਆ ਜਾਵੇਗੀ ।



**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ**
**(ਜਲੰਧਰ)**
**006421392147**

# ਗਾਲਟ ਟ੍ਰੇਨ ਹਾਦਸੇ ਦੀ 70ਵੀਂ ਵਰ੍ਹੇਗੰਢ ਮੌਕੇ ਨਵੀਂ ਡਾਕੂਮੈਂਟਰੀ ਜਾਰੀ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੇ ਓਂਟਾਰੀਓ ਸੂਬੇ ਦੇ ਕੈਂਬ੍ਰਿਜ਼ ਸ਼ਹਿਰ ਵਿੱਚ ਵਾਪਰੇ ਭਿਆਨਕ ਗਾਲਟ ਟ੍ਰੇਨ ਹਾਦਸੇ ਨੂੰ 70 ਸਾਲ ਪੂਰੇ ਹੋਣ ਮੌਕੇ ਇੱਕ ਨਵੀਂ ਡਾਕੂਮੈਂਟਰੀ ਜਾਰੀ ਕੀਤੀ ਗਈ ਹੈ, ਜੋ ਇਸ ਦਰਦਨਾਕ ਘਟਨਾ ਦੀਆਂ ਯਾਦਾਂ ਨੂੰ ਫਿਰ ਤਾਜ਼ਾ ਕਰ ਰਹੀ ਹੈ। ਜਾਣਕਾਰੀ ਅਨੁਸਾਰ 1956 ਵਿੱਚ ਵਾਪਰੇ ਇਸ ਹਾਦਸੇ ਦੌਰਾਨ ਦੋ ਰੇਲਵੇ ਕਰਮਚਾਰੀਆਂ ਦੀ ਮੌਤ ਹੋ ਗਈ ਸੀ, ਜਦਕਿ 13 ਹੋਰ ਲੋਕ ਗੰਭੀਰ ਤੌਰ ‘ਤੇ ਜ਼ਖ਼ਮੀ ਹੋਏ ਸਨ। ਇਹ ਹਾਦਸਾ ਉਸ ਸਮੇਂ ਦੇ ਸਭ ਤੋਂ ਖ਼ਤਰਨਾਕ ਉਦਯੋਗਿਕ ਹਾਦਸਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜਿਸ ਨੇ ਸਥਾਨਕ ਭਾਈਚਾਰੇ ‘ਤੇ ਡੂੰਘਾ ਅਸਰ ਛੱਡਿਆ ਸੀ। ਤਾਜ਼ਾ ਜਾਰੀ ਕੀਤੀ ਗਈ ਡਾਕੂਮੈਂਟਰੀ ਵਿੱਚ ਹਾਦਸੇ ਨਾਲ ਜੁੜੀਆਂ ਅਣਸੁਣੀਆਂ ਕਹਾਣੀਆਂ, ਗਵਾਹਾਂ ਦੇ ਬਿਆਨ ਅਤੇ ਉਸ ਸਮੇਂ ਦੇ ਦ੍ਰਿਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਰਾਹੀਂ ਦਰਸ਼ਕਾਂ ਨੂੰ ਇਸ ਘਟਨਾ ਦੇ ਅਸਲ ਪੱਖਾਂ ਨਾਲ ਜਾਣੂ ਕਰਵਾਇਆ ਜਾ ਰਿਹਾ ਹੈ। ਇਸ ਡਾਕੂਮੈਂਟਰੀ ਦਾ ਮਕਸਦ ਸਿਰਫ਼ ਹਾਦਸੇ ਨੂੰ ਯਾਦ ਕਰਨਾ ਹੀ ਨਹੀਂ, ਸਗੋਂ ਉਦਯੋਗਿਕ ਸੁਰੱਖਿਆ ਦੇ ਮਿਆਰਾਂ ਬਾਰੇ ਜਾਗਰੂਕਤਾ ਵਧਾਉਣਾ ਵੀ ਹੈ, ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ। ਸਥਾਨਕ ਇਤਿਹਾਸਕਾਰਾਂ ਅਤੇ ਭਾਈਚਾਰੇ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਨਾਲ ਜੋੜਨ ਵਿੱਚ ਮਦਦ ਮਿਲਦੀ ਹੈ ਅਤੇ ਪੁਰਾਣੀਆਂ ਯਾਦਾਂ ਨੂੰ ਸੰਭਾਲ ਕੇ ਰੱਖਿਆ ਜਾ ਸਕਦਾ ਹੈ।



**1956 ਦੇ ਗਾਲਟ ਟ੍ਰੇਨ ਹਾਦਸੇ ਮਗਰੋਂ ਮੌਕੇ ਦੀ ਇਤਿਹਾਸਕ ਤਸਵੀਰ।**

# ਵਰਲਡ ਐਥਲੈਟਿਕਸ ਦੇ ਫਾਈਨਲ ਮੁਕਾਬਲਿਆਂ ‘ਚ ਕੈਨੇਡਾ 7ਵੇਂ ਸਥਾਨ ਤੇ ਰਿਹਾ

**ਵੈਨਕੂਵਰ, ਮਈ (ਮਲਕੀਤ ਸਿੰਘ)** – ਬਹਾਮਾਸ ਦੇ ਨਸਾਉ ਸ਼ਹਿਰ ਚ ਕਰਵਾਏ ਜਾ ਰਹੇ ਵਰਲਡ ਐਥਲੈਟਿਕਸ ਫਾਈਨਲ ਮੁਕਾਬਲਿਆ ਦੌਰਾਨ ਪੁਰਸ਼ਾਂ ਦੀ 100 ਮੀਟਰ ਦੌੜ ਦੌਰਾਨ ਕੈਨੇਡਾ ਸੱਤਵੇਂ ਸਥਾਨ ‘ਤੇ ਰਿਹਾ। ਇਸਦੇ ਨਾਲ ਹੀ ਮਿਕਸਡ 100 ਮੀਟਰ ਅਤੇ ਮਹਿਲਾਵਾਂ ਦੀ 100 ਮੀਟਰ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਚਾਂਦੀ ਦਾ ਤਮਗਾ ਜਿੱਤਿਆ। ਇਹ ਕੈਨੇਡਾ ਲਈ ਇੱਕ ਵੱਡੀ ਉਪਲਬਧੀ ਮੰਨੀ ਜਾ ਰਹੀ ਹੈ। ਦੂਜੇ ਪਾਸੇ ਮਿਕਸਡ 400 ਮੀਟਰ ਟੀਮ ਨੇ ਵੀ ਬਿਹਤਰ ਦੌੜ ਦਿਖਾਉਂਦੇ ਹੋਏ 2027 ਦੇ ਵਰਲਡ ਚੈਂਪੀਅਨਸ਼ਿਪ ਲਈ ਕਵਾਲੀਫਾਈ ਕਰ ਲਿਆ ਹੈ, ਜੋ ਕਿ ਭਵਿੱਖ ਲਈ ਇੱਕ ਸਕਾਰਾਤਮਕ ਸੰਕੇਤ ਹੈ।

ਖੇਡ ਮਹਰਾਂ ਦਾ ਤਰਕ ਹੈ ਕਿ ਕੈਨੇਡਾ ਦੀ ਟੀਮ ਨੇ ਕਈ ਮੋਰਚਿਆਂ ‘ਤੇ ਮਜ਼ਬੂਤ ਪ੍ਰਦਰਸ਼ਨ ਕੀਤਾ ਹੈ ਅਤੇ ਆਉਣ ਵਾਲੇ ਮੁਕਾਬਲਿਆਂ ਲਈ ਉਮੀਦਾਂ ਕਾਇਮ ਰੱਖੀਆਂ ਹਨ।




**ਦੌੜ ਮੁਕਾਬਲੇ ਦੌਰਾਨ ਕੈਨੇਡਾ ਦੇ ਖਿਡਾਰੀ ਟ੍ਰੈਕ ‘ਤੇ ਦੌੜਦੇ ਹੋਏ।**

# ਤ੍ਰੈਵਿਧ ਪਾਵਨੀ ਬੁੱਧ ਪੂਰਨਿਮਾ ਮੌਕੇ ਅੰਮ੍ਰਿਤਸਰ ਬੌਧ ਵਿਹਾਰ ਵਿੱਚ ਭਵਿਆ ਧੰਮ ਦੇਸ਼ਨਾ ਦਾ ਆਯੋਜਨ











**ਅੰਮ੍ਰਿਤਸਰ, — ਕੋਟ ਖਾਲਸਾ (ਸੂਰੀ ਅੰਮ੍ਰਿਤਸਰ)** ਵਿਖੇ ਸਥਿਤ ਡਾ. ਬੀ. ਆਰ. ਅੰਬੇਡਕਰ ਬੋਧਿਸਤਵ ਬੁੱਧ ਵਿਹਾਰ, ਪੁਲਿਸ ਚੌਕੀ ਦੇ ਨੇੜੇ, ਤ੍ਰੈਵਿਧ ਪਾਵਨੀ ਬੁੱਧ ਪੂਰਨਿਮਾ ਦੇ ਪਾਵਨ ਮੌਕੇ ‘ਤੇ ਇੱਕ ਭਵਿਆ ਅਤੇ ਆਧਿਆਤਮਿਕ ਧੰਮ ਦੇਸ਼ਨਾ ਪ੍ਰੋਗਰਾਮ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਹ ਅੰਮ੍ਰਿਤਸਰ ਯੂਨਿਟ ਵੱਲੋਂ ਪਹਿਲੀ ਵਾਰ ਕਰਵਾਇਆ ਗਿਆ ਵਿਸ਼ੇਸ਼ ਸਮਾਗਮ ਸੀ, ਜਿਸ ਨੇ ਸਾਰੇ ਸ਼ਹਿਰ ਵਿੱਚ ਆਧਿਆਤਮਿਕ ਉਤਸ਼ਾਹ ਦਾ ਮਾਹੌਲ ਪੈਦਾ ਕੀਤਾ।

ਬੋਧਿਸਤਵ ਬਾਬਾ ਸਾਹਿਬ ਅੰਬੇਡਕਰ ਸੋਸਾਇਟੀ, ਅੰਮ੍ਰਿਤਸਰ ਯੂਨਿਟ ਦੀ ਸਮਰਪਿਤ ਟੀਮ ਨੇ ਘੱਟ ਸਮੇਂ ਵਿੱਚ ਇਸ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਦਿਨ-ਰਾਤ ਮੇਹਨਤ ਕੀਤੀ। ਸਮਾਗਮ ਦੀ ਅਗਵਾਈ ਵਿਹਾਰ ਦੇ ਸੰਸਥਾਪਕ ਸ੍ਰੀ ਰਾਮਪਾਲ ਜੀ ਵੱਲੋਂ ਕੀਤੀ ਗਈ। ਇਸ ਦੌਰਾਨ ਵੱਡੀ ਗਿਣਤੀ ਵਿੱਚ ਬੌਧ ਧੰਮ ਦੇ ਉਪਾਸਕਾਂ ਅਤੇ ਸਥਾਨਕ ਨਿਵਾਸੀਆਂ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ‘ਤੇ ਵਕਤਾਵਾਂ ਨੇ ਦੱਸਿਆ ਕਿ ਤਥਾਗਤ ਗੌਤਮ ਬੁੱਧ ਦਾ ਜਨਮ, ਬੋਧਿ ਪ੍ਰਾਪਤੀ ਅਤੇ ਮਹਾਪਰਿਨਿਰਵਾਣ — ਇਹ ਤਿੰਨੇ ਹੀ ਵਿਸਾਖ ਪੂਰਨਿਮਾ ਦੇ ਦਿਨ ਹੋਏ ਸਨ। ਇਸ ਕਰਕੇ ਇਸ ਦਿਨ ਨੂੰ “ਤ੍ਰੈਵਿਧ ਪਾਵਨੀ ਪੂਰਨਿਮਾ” ਦੇ ਰੂਪ ਵਿੱਚ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ।

ਸਮਾਗਮ ਦੀ ਸ਼ੁਰੂਆਤ ਬੁੱਧ ਵੰਦਨਾ ਨਾਲ ਕੀਤੀ ਗਈ, ਜਿਸ ਵਿੱਚ ਹਾਜ਼ਰ ਧੰਮ ਬੰਧੂਆਂ ਨੇ ਤ੍ਰਿਸਰਣ ਅਤੇ ਪੰਚਸੀਲ ਗ੍ਰਹਿਣ ਕੀਤੇ। ਉਪਾਸਿਕਾ ਸਿਮਰਨ ਬੌਧ ਜੀ ਨੇ ਆਪਣੇ ਪ੍ਰਭਾਵਸ਼ਾਲੀ ਅਤੇ ਤਰਕਸੰਗਤ ਧੰਮ ਉਪਦੇਸ਼ ਰਾਹੀਂ ਬੁੱਧ ਦੀਆਂ ਸਿੱਖਿਆਵਾਂ ਨੂੰ ਬਹੁਤ ਹੀ ਸਰਲ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਨੇ ਪੰਚਸੀਲ ਦੇ ਅਸਲ ਅਰਥ ਅਤੇ ਜੀਵਨ ਵਿੱਚ ਉਸ ਦੀ ਮਹੱਤਤਾ ਨੂੰ ਰੌਸ਼ਨ ਕੀਤਾ ਅਤੇ ਸਭ ਨੂੰ ਉਸ ਦੇ ਪਾਲਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਨੇ ਚਾਰ ਆਰਿਆ ਸੱਚਾਂ ਦੀ ਵੀ ਵਿਸਥਾਰ ਨਾਲ ਵਿਆਖਿਆ ਕਰਦਿਆਂ ਕਿਹਾ ਕਿ ਜੀਵਨ ਵਿੱਚ ਦੁੱਖ ਮੌਜੂਦ ਹੈ, ਉਸ ਦਾ ਕਾਰਨ ਹੈ, ਉਸ ਦਾ ਨਿਵਾਰਣ ਸੰਭਵ ਹੈ ਅਤੇ ਉਸ ਤੋਂ ਮੁਕਤੀ ਦਾ ਰਸਤਾ ਵੀ ਹੈ। ਜੇਕਰ ਵਿਅਕਤੀ ਤਰਕ ਅਤੇ ਸਮਝ ਨਾਲ ਆਪਣੇ ਜੀਵਨ ਦਾ ਅਧਿਐਨ ਕਰੇ, ਤਾਂ ਉਹ ਆਪਣੇ ਦੁੱਖ ਦੇ ਕਾਰਨਾਂ ਨੂੰ ਸਮਝ ਕੇ ਉਸ ਤੋਂ ਛੁਟਕਾਰਾ ਪ੍ਰਾਪਤ ਕਰ ਸਕਦਾ ਹੈ। ਇਹ ਹਰ ਇਕ ਵਿਅਕਤੀ ਦੀ ਆਪਣੀ ਜ਼ਿੰਮੇਵਾਰੀ ਹੈ ਅਤੇ ਇਸ ਵਿੱਚ ਕਿਸੇ ਅਲੌਕਿਕ ਤਾਕਤ ਦੀ ਭੂਮਿਕਾ ਨਹੀਂ ਹੁੰਦੀ।

ਵਕਤਾਵਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਬੌਧ ਧਰਮ ਮਨੁੱਖਤਾ ਅਤੇ ਨੈਤਿਕ ਮੁੱਲਾਂ ‘ਤੇ ਆਧਾਰਿਤ ਹੈ। ਸਾਨੂੰ ਹੋਰਨਾਂ ਨਾਲ ਉਹੀ ਵਰਤਾਵ ਕਰਨਾ ਚਾਹੀਦਾ ਹੈ, ਜਿਸ ਦੀ ਅਸੀਂ ਆਪਣੇ ਲਈ ਉਮੀਦ ਕਰਦੇ ਹਾਂ। ਬੁੱਧ ਦੇ ਕਰੁਣਾ, ਮੈਤ੍ਰੀ, ਸ਼ੀਲ ਅਤੇ ਪ੍ਰਗਿਆ ਦੇ ਸਿਧਾਂਤ ਅੱਜ ਵੀ ਸਮਾਜ ਨੂੰ ਸਹੀ ਦਿਸ਼ਾ ਦਿੰਦੇ ਹਨ।

ਸਮਾਗਮ ਦੌਰਾਨ ਇਹ ਸੰਦੇਸ਼ ਵੀ ਦਿੱਤਾ ਗਿਆ ਕਿ ਬੌਧ ਧਰਮ ਵਿੱਚ ਜਾਤ-ਪਾਤ ਲਈ ਕੋਈ ਥਾਂ ਨਹੀਂ ਹੈ ਅਤੇ ਸਾਰੇ ਮਨੁੱਖ ਸਮਾਨ ਹਨ। ਵਿਅਕਤੀ ਦੀ ਮਹਾਨਤਾ ਉਸ ਦੇ ਕਰਮਾਂ ਨਾਲ ਨਿਰਧਾਰਿਤ ਹੁੰਦੀ ਹੈ, ਨਾ ਕਿ ਉਸ ਦੇ ਜਨਮ ਨਾਲ। ਇਸ ਮੌਕੇ ‘ਤੇ ਵਿਸ਼ਵ ਸ਼ਾਂਤੀ, ਸੁਖ-ਸਮ੍ਰਿੱਧੀ ਅਤੇ ਭਾਈਚਾਰੇ ਲਈ ਮੰਗਲ ਕਾਮਨਾਵਾਂ ਕੀਤੀਆਂ ਗਈਆਂ। ਵਕਤਾਵਾਂ ਨੇ ਕਿਹਾ ਕਿ ਆਜ ਦੇ ਸਮੇਂ ਵਿੱਚ ਦੁਨੀਆ ਨੂੰ ਜੰਗ ਨਹੀਂ, ਸਗੋਂ ਬੁੱਧ ਦੇ ਮਾਰਗ ਦੀ ਲੋੜ ਹੈ।

ਪ੍ਰੋਗਰਾਮ ਦਾ ਸੰਚਾਲਨ ਅਸ਼ਵਨੀ ਬੌਧ ਜੀ ਨੇ ਮੰਚ ਸਕੱਤਰ ਵਜੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ। ਇਸ ਮੌਕੇ ‘ਤੇ ਡਾ. ਬਰਿੰਦਰ ਸਿਆਣ ਜੀ, ਡਾ. ਅਮਰ ਕਟਾਰੀਆ ਜੀ, ਡਾ. ਕੁਲਦੀਪ ਸਿੰਘ ਜੀ, ਐਡਵੋਕੇਟ ਅੰਕੁਸ਼ ਜੀ ਅਤੇ ਐਡਵੋਕੇਟ ਦੀਪਕ ਕੁਮਾਰ ਜੀ ਸਮੇਤ ਕਈ ਮਾਣਯੋਗ ਸ਼ਖ਼ਸੀਅਤਾਂ ਮੌਜੂਦ ਸਨ। ਅੰਤ ਵਿੱਚ ਧੰਮ ਉਪਾਸਕ ਇੰਸਪੈਕਟਰ ਜਗਤਾਰ ਸਿੰਘ ਜੀ ਨੇ ਸਾਰੇ ਮਹਿਮਾਨਾਂ ਅਤੇ ਸਹਿਭਾਗੀਆਂ ਦਾ ਧੰਨਵਾਦ ਕਰਦਿਆਂ ਸਮਾਗਮ ਦਾ ਸਮਾਪਨ ਕੀਤਾ।

ਸਥਾਨਕ ਸਕੂਲ ਦੀ ਮੈਂਬਰਸ਼ਿਪ ਵੀ ਜਾਰੀ ਹੈ ਅਤੇ ਜਲਦੀ ਹੀ ਜਲੰਧਰ ਹੈੱਡ ਆਫਿਸ ਦੇ ਅਧਿਕਾਰੀਆਂ ਨਾਲ ਸਲਾਹ-ਮਸ਼ਵਰਾ ਕਰਕੇ ਸਥਾਨਕ ਟੀਮ ਦਾ ਗਠਨ ਕੀਤਾ ਜਾਵੇਗਾ।

# (ਮਾਇਆ ਗਈ ਤਬ ਰੋਵਨੁ ਲਗਤੁ ਹੈ)

ਹਰ ਮਨੁੱਖ ਦੀ ਲਾਲਸਾ, ਆਨੰਦ ਨੂੰ ਪਾਉਣ ਅਤੇ ਉਸਦੀ ਪ੍ਰਾਪਤੀ ਦੇ ਯਤਨਾਂ ਵਿੱਚ ਲੱਗੀ ਰਹਿੰਦੀ ਹੈ। ਮਾਇਆ ਜਿਆਦਾ ਇਕੱਠੀ ਹੋ ਜਾਵੇ ਤਾਂ ਚਾਉ ਚੜ੍ਹਿਆ ਰਹਿੰਦਾ ਹੈ। ਪਰ ਜੇ ਚਲੀ ਜਾਵੇ,ਨੁਕਸਾਨ ਹੋ ਜਾਵੇ,ਤਾਂ ਰੋਂਦਾ ਰਹਿੰਦਾ ਹੈ। ਮਾਇਆ ਦੇ ਮੋਹ ਵਿੱਚ ਫਸ ਕੇ ਮਿੱਟੀ ਦਾ ਪੁਤਲਾ ਹਾਸੇ ਦਾ ਪਾਤਰ ਬਣ ਜਾਂਦਾ ਹੈ। ਮਾਇਆ ਦੀਆਂ ਗੱਲਾਂ ਕਰਨੀਆਂ ਤੇ ਸੁਣਨੀਆਂ ਚੰਗੀਆਂ ਲੱਗਦੀਆਂ ਹਨ, ਇਸ ਲਈ ਮਾਇਆ ਕਮਾਉਣ ਦੀਆਂ ਗੱਲਾਂ ਵਿੱਚ ਖੁਸ਼ ਰਹਿੰਦਾ ਹੈ ਤੇ ਮਾਇਆ ਦੀ ਖਾਤਰ ਹੀ ਦੌੜਿਆ ਫਿਰਦਾ ਹੈ। ਜਦੋਂ ਇਸ ਨੂੰ ਕੁਝ ਧਨ ਮਿਲ ਜਾਂਦਾ ਹੈ ਤਾਂ ਇਹ ਹੰਕਾਰ ਕਰਨ ਲੱਗ ਜਾਂਦਾ ਹੈ। ਉਸ ਨੂੰ ਸਦੀਵੀ ਆਨੰਦ ਦੀ ਮੰਜ਼ਿਲ ਦੀ ਸੋਝੀ ਹੀ ਨਹੀਂ ਹੈ। ਹੇ ਪ੍ਰਭੂ ! ਲੋਭ ਦੀਆਂ ਲਹਿਰਾਂ ਬੜੀਆਂ ਠਾਠਾਂ ਮਾਰ ਰਹੀਆਂ ਹਨ। ਹੇ ਸੋਹਣੇ ਕੇਸਾਂ ਵਾਲੇ ਪ੍ਰਭੂ, ਸੰਸਾਰ ਸਮੁੰਦਰ ਦੀਆਂ ਇਨ੍ਹਾਂ ਲਹਿਰਾਂ ਵਿੱਚ ਮੇਰਾ ਸਰੀਰ ਡੁਬਦਾ ਜਾ ਰਿਹਾ ਹੈ। ਤੂੰ ਮੇਰੀ ਬਾਂਹ ਫੜ ਕੇ ਇਨ੍ਹਾਂ ਲਹਿਰਾਂ ਤੋਂ ਬਚਾ ਲੈ !






ਭਗਤ ਰਵਿਦਾਸ ਜੀ ਕਹਿੰਦੇ ਹਨ,ਮਨੁੱਖ ਚਾਹੁੰਦਾ ਤਾਂ ਸਦੀਵੀ ਆਨੰਦ ਦੀ ਪ੍ਰਾਪਤੀ ਹੈ, ਪਰ ਉਸਦੇ ਯਤਨ ਥੋੜ-ਚਿਰੇ ਜਾਂ ਵਕਤੀ ਤੌਰ ਤੇ ਆਨੰਦ ਦੀ ਪ੍ਰਾਪਤੀ ਲਈ ਹੁੰਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਫਰਮਾਉਂਦੇ ਹਨ : ਜਿਵੇਂ ਕਿਸੇ ਨੇ ਰੇਤ ਦੀ ਕੰਧ ਉਸਾਰ ਕੇ, ਪੋਚ ਕੇ ਤਿਆਰ ਕੀਤੀ ਹੋਵੇ, ਉਹ ਕੰਧ ਚਾਰ ਦਿਨ ਵੀ ਟਿਕੀ ਨਹੀਂ ਰਹਿੰਦੀ। ਇਸ ਮਾਇਆ ਦੇ ਸੁੱਖ ਵੀ, ਉਸ ਰੇਤ ਦੀ ਕੰਧ ਵਰਗੇ ਹੀ ਹਨ ਹੇ ਮੂਰਖ ! ਤੂੰ ਕਿਉਂ ਇਨ੍ਹਾਂ ਸੁੱਖਾਂ ਵਿੱਚ ਮਸਤ ਹੋ ਰਿਹਾ ਹੈਂ ?

ਜਗਤ ਵਿੱਚ ਨਾਮ ਦੀ ਬਰਕਤ ਨਾਲ ਹੀ ਸ਼ੋਭਾ ਮਿਲਦੀ ਹੈ। ਹਰੀ ਦੇ ਨਾਮ ਤੋਂ ਬਿਨਾਂ ਮਿਲੀ ਸ਼ੋਭਾ, ਅਸਲੀ ਸ਼ੋਭਾ ਨਹੀਂ ਹੁੰਦੀ। ਬੰਦਾ ਕਾਮ ਕ੍ਰੋਧ ਲੋਭ ਮੋਹ ਅਤੇ ਅਹੰਕਾਰ ਵਿੱਚੋਂ ਆਨੰਦ ਅਨੁਭਵ ਕਰਨ ਦਾ ਯਤਨ ਕਰਦਾ ਹੈ ਚੰਗਾ ਸੁਆਦਲਾ ਭੋਜਨ ਕਰਕੇ ਕਹਿੰਦਾ ਹੈ, "ਅੱਜ ਤਾਂ ਆਨੰਦ ਆ ਗਿਆ" ! ਇਹ ਸਭ ਥੋੜ-ਚਿਰਾ ਬਿਨਸਣ ਵਾਲਾ ਆਨੰਦ ਹੈ। ਜੋ ਅੰਤ ਨੂੰ ਦੁੱਖ ਵਿੱਚ ਹੀ ਪ੍ਰਗਟ ਹੁੰਦਾ ਹੈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ # 639/40ਏ, ਚੰਡੀਗੜ੍ਹ ਫੋਨ ਨੰਬਰ :**
9878469639

# ਪੰਜਾਬੀ ਕਾਮੇਡੀ ਨੂੰ ਨਵੀਂ ਪਛਾਣ ਦੇਣ ਵਾਲਾ ਜਸਵਿੰਦਰ ਭੱਲਾ

**ਅੱਜ ਜਨਮ ਦਿਨ ਮੌਕੇ ਵਿਸ਼ੇਸ਼**

ਪੰਜਾਬੀ ਸਿਨੇਮਾ ਅਤੇ ਮਨੋਰੰਜਨ ਜਗਤ ਵਿੱਚ ਕੁਝ ਅਜਿਹੇ ਨਾਂ ਹੁੰਦੇ ਹਨ, ਜੋ ਸਿਰਫ਼ ਕਲਾਕਾਰ ਨਹੀਂ ਰਹਿੰਦੇ, ਸਗੋਂ ਇੱਕ ਯੁੱਗ ਦੀ ਪਛਾਣ ਬਣ ਜਾਂਦੇ ਹਨ। ਜਸਵਿੰਦਰ ਭੱਲਾ ਵੀ ਅਜਿਹੇ ਹੀ ਬੇਮਿਸਾਲ ਹਾਸਿਆਂ ਦੇ ਵਣਜਾਰੇ ਸਨ, ਜਿਨ੍ਹਾਂ ਨੇ ਆਪਣੇ ਸਧਾਰਣ ਪਰ ਡੂੰਘੇ ਹਸਿਆ ਨਾਲ ਹਰ ਵਰਗ ਦੇ ਲੋਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾਈ। ਉਨ੍ਹਾਂ ਦਾ ਹਾਸਾ ਕੇਵਲ ਮਨੋਰੰਜਨ ਦਾ ਸਾਧਨ ਨਹੀਂ ਸੀ, ਬਲਕਿ ਸਮਾਜ ਨੂੰ ਸੋਚਣ ‘ਤੇ ਮਜਬੂਰ ਕਰਨ ਵਾਲਾ ਦਰਪਣ ਸੀ।

4 ਮਈ 1960 ਨੂੰ ਲੁਧਿਆਣਾ ਨੇੜੇ ਦੋਰਾਹਾ ਵਿੱਚ ਜਨਮੇ ਭੱਲਾ ਜੀ ਦਾ ਬਚਪਨ ਸਧਾਰਣ ਪਰ ਸੰਸਕਾਰਾਂ ਨਾਲ ਭਰਪੂਰ ਵਾਤਾਵਰਣ ਵਿੱਚ ਬੀਤਿਆ। ਉਨ੍ਹਾਂ ਦੇ ਪਿਤਾ ਮਾਸਟਰ ਬਹਾਦੁਰ ਸਿੰਘ ਭੱਲਾ ਇੱਕ ਅਧਿਆਪਕ ਸਨ, ਜਿਸ ਦਾ ਪ੍ਰਭਾਵ ਉਨ੍ਹਾਂ ਦੀ ਜ਼ਿੰਦਗੀ ‘ਤੇ ਸਾਫ਼ ਦਿਖਾਈ ਦਿੰਦਾ ਹੈ। ਉਨ੍ਹਾਂ ਨੇ ਆਪਣੀ ਮੁਢਲੀ ਸਿੱਖਿਆ ਦੋਰਾਹਾ ਤੋਂ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਬੀ.ਐਸ.ਸੀ. ਖੇਤੀਬਾੜੀ (ਆਨਰਜ਼) ਅਤੇ ਐਮ.ਐਸ.ਸੀ. (ਐਕਸਟੈਂਸ਼ਨ ਐਜੂਕੇਸ਼ਨ) ਦੀਆਂ ਡਿਗਰੀਆਂ ਹਾਸਲ ਕੀਤੀਆਂ। ਸਿੱਖਿਆ ਪ੍ਰਤੀ ਉਨ੍ਹਾਂ ਦੀ ਲਗਨ ਇਸ ਗੱਲ ਤੋਂ ਵੀ ਸਾਬਤ ਹੁੰਦੀ ਹੈ ਕਿ ਉਨ੍ਹਾਂ ਨੇ ਆਪਣੀ ਪੀ.ਐਚ.ਡੀ. ਵੀ ਸੇਵਾ ਦੌਰਾਨ ਪੂਰੀ ਕੀਤੀ ਅਤੇ ਇੱਕ ਸਮਰਪਿਤ ਅਧਿਆਪਕ ਵਜੋਂ ਆਪਣੀ ਸੇਵਾ ਨਿਭਾਈ।

ਪਰ ਕਿਸਮਤ ਨੇ ਉਨ੍ਹਾਂ ਲਈ ਕੁਝ ਹੋਰ ਹੀ ਸੋਚਿਆ ਹੋਇਆ ਸੀ। ਵਿਦਿਆਰਥੀ ਜੀਵਨ ਦੌਰਾਨ ਹੀ ਉਨ੍ਹਾਂ ਦਾ ਰੁਝਾਨ ਹਾਸਰਸ ਕਲਾ ਵੱਲ ਵਧਣ ਲੱਗ ਪਿਆ। ਯੂਨੀਵਰਸਿਟੀ ਦੇ ਪ੍ਰੋਗਰਾਮਾਂ ਵਿੱਚ ਕੀਤੇ ਗਏ ਉਨ੍ਹਾਂ ਦੇ ਕਾਮੇਡੀ ਪ੍ਰਦਰਸ਼ਨਾਂ ਨੇ ਉਨ੍ਹਾਂ ਦੀ ਕਾਬਲਿਅਤ ਨੂੰ ਮੰਚ ਦਿੱਤਾ। ਇਥੇ ਹੀ ਉਨ੍ਹਾਂ ਦੀ ਮੁਲਾਕਾਤ ਬਾਲ ਮੁਕੰਦ ਸ਼ਰਮਾ ਨਾਲ ਹੋਈ, ਜਿੰਨ੍ਹਾ ਨਾਲ ਮਿਲ ਕੇ ਉਨ੍ਹਾਂ ਨੇ ਪੰਜਾਬੀ ਕਾਮੇਡੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ।

“ਛਣਕਾਟਾ” ਸਿਰਫ਼ ਇੱਕ ਕਮੇਡੀ ਸੀਰੀਜ਼ ਨਹੀਂ ਸੀ, ਬਲਕਿ ਇੱਕ ਅਜਿਹਾ ਸੱਭਿਆਚਾਰਕ ਅੰਦੋਲਨ ਸੀ, ਜਿਸ ਨੇ ਪੰਜਾਬੀ ਹਾਸੇ ਨੂੰ ਘਰ-ਘਰ ਤੱਕ ਪਹੁੰਚਾਇਆ। ਲਗਭਗ ਢਾਈ ਦਹਾਕਿਆਂ ਤਕ ਭੱਲਾ ਅਤੇ ਸ਼ਰਮਾ ਦੀ ਜੋੜੀ ਨੇ ਸਧਾਰਣ ਲੋਕਾਂ ਦੀ ਜ਼ਿੰਦਗੀ ਵਿੱਚੋਂ ਕਹਾਣੀਆਂ ਚੁਣ ਕੇ ਉਹਨਾਂ ਨੂੰ ਹਾਸੇ ਦੇ ਰੂਪ ਵਿੱਚ ਪੇਸ਼ ਕੀਤਾ। ਇਹੀ ਕਾਰਨ ਸੀ ਕਿ “ਛਣਕਾਟਾ” ਦੇ ਕਿਰਦਾਰ ਲੋਕਾਂ ਨੂੰ ਆਪਣੇ ਹੀ ਘਰਾਂ ਦੇ ਮੈਂਬਰ ਲੱਗਦੇ ਸਨ। ਉਨ੍ਹਾਂ ਦੀ ਕਮੇਡੀ ਵਿੱਚ ਨਕਲ ਨਹੀਂ, ਸਗੋਂ ਅਸਲੀਅਤ ਦੀ ਖੁਸ਼ਬੂ ਹੁੰਦੀ ਸੀ। ਜਿਸ ਵਿੱਚ ਭੱਲਾ ਜੀ ਨੇ ਚਾਚਾ ਚਤਰ ਸਿੰਘ, ਭਾਨਾ, ਜੇ.ਬੀ.,ਅਤੇ ਤਾਇਆ ਫੁੰਮਣ ਸਿੰਘ ਵਰਗੇ ਕਿਰਦਾਰ ਨਿਭਾਏ।





ਫ਼ਿਲਮਾਂ ਵਿੱਚ ਵੀ ਜਸਵਿੰਦਰ ਭੱਲਾ ਨੇ ਆਪਣੀ ਵਿਲੱਖਣ ਛਾਪ ਛੱਡੀ। ਕੈਰੀ ਆਨ ਜੱਟਾ, ਜੱਟ ਐਂਡ ਜੂਲੀਅਟ, ਮੈਰਿਜ ਪੈਲੇਸ, ਪਾਵਰ ਕੱਟ, ਵੇਖ ਬਰਾਤਾਂ ਚੱਲੀਆਂ ਵਰਗੀਆਂ ਫ਼ਿਲਮਾਂ ਵਿੱਚ ਉਨ੍ਹਾਂ ਦੀ ਮੌਜੂਦਗੀ ਨੇ ਹਰ ਸੀਨ ਨੂੰ ਜ਼ਿੰਦਗੀ ਨਾਲ ਭਰ ਦਿੱਤਾ। ਉਨ੍ਹਾਂ ਦੀ ਡਾਇਲਾਗ ਡਿਲਿਵਰੀ ਦੀ ਤੇਜ਼ੀ ਅਤੇ ਅੰਦਾਜ਼ ਇੰਨਾ ਪ੍ਰਭਾਵਸ਼ਾਲੀ ਸੀ ਕਿ ਛੋਟੇ ਤੋਂ ਛੋਟਾ ਰੋਲ ਵੀ ਦਰਸ਼ਕਾਂ ਦੇ ਦਿਲਾਂ ਵਿੱਚ ਵੱਸ ਜਾਂਦਾ ਸੀ।

ਪਰ ਉਨ੍ਹਾਂ ਦੀ ਕਲਾ ਦੀ ਸਭ ਤੋਂ ਵੱਡੀ ਖਾਸੀਅਤ ਇਹ ਸੀ ਕਿ ਉਹ ਹਾਸੇ ਦੇ ਪਿੱਛੇ ਇੱਕ ਡੂੰਘਾ ਸੰਦੇਸ਼ ਛੱਡਦੇ ਸਨ। ਉਹ ਸਮਾਜ ਵਿੱਚ ਫੈਲ ਰਹੀਆਂ ਬੁਰਾਈਆਂ ‘ਤੇ ਤਿੱਖਾ ਵਿਅੰਗ ਕਰਦੇ ਸਨ। ਨਸ਼ਿਆਂ ਦੀ ਲਤ, ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਕੰਨਿਆ ਭਰੂਣ ਹੱਤਿਆ ਵਰਗੇ ਸੰਵੇਦਨਸ਼ੀਲ ਮੁੱਦਿਆਂ ਨੂੰ ਉਨ੍ਹਾਂ ਨੇ ਬੜੀ ਸੂਝਬੂਝ ਨਾਲ ਆਪਣੇ ਹਾਸੇ ਵਿੱਚ ਸ਼ਾਮਲ ਕੀਤਾ। ਉਨ੍ਹਾਂ ਦਾ ਮੰਨਣਾ ਸੀ ਕਿ ਹਾਸਾ ਸਿਰਫ਼ ਮਨੋਰੰਜਨ ਨਹੀਂ, ਸਗੋਂ ਜਾਗਰੂਕਤਾ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹੈ।

ਉਨ੍ਹਾਂ ਦੀ ਜ਼ਿੰਦਗੀ ਦਾ ਦੂਜਾ ਮਹੱਤਵਪੂਰਨ ਪੱਖ ਉਨ੍ਹਾਂ ਦੀ ਸਾਦਗੀ ਸੀ। ਵੱਡੇ ਪੱਧਰ ਦੀ ਲੋਕਪ੍ਰਿਯਤਾ ਦੇ ਬਾਵਜੂਦ ਉਹ ਹਮੇਸ਼ਾ ਜ਼ਮੀਨ ਨਾਲ ਜੁੜੇ ਰਹੇ। ਇੱਕ ਅਧਿਆਪਕ, ਇੱਕ ਕਲਾਕਾਰ ਅਤੇ ਇੱਕ ਸਮਾਜ-ਸੁਧਾਰਕ ਵਜੋਂ ਉਨ੍ਹਾਂ ਨੇ ਆਪਣੀ ਭੂਮਿਕਾ ਬੇਹੱਦ ਇਮਾਨਦਾਰੀ ਨਾਲ ਨਿਭਾਈ। ਇਹੀ ਕਾਰਨ ਹੈ ਕਿ ਉਹ ਸਿਰਫ਼ ਇੱਕ ਕਮੇਡੀਅਨ ਨਹੀਂ, ਸਗੋਂ ਲੋਕਾਂ ਦੇ ਦਿਲਾਂ ਵਿੱਚ ਵੱਸਣ ਵਾਲੀ ਸ਼ਖ਼ਸੀਅਤ ਬਣ ਗਏ। ਜਿਸ ਤੋਂ ਪ੍ਰਭਾਵਿਤ ਹੋਕੇ ਉਨ੍ਹਾਂ ਦਾ ਬੇਟਾ ਪੁਖਰਾਜ ਭੱਲਾ ਵੀ ਇਸ ਕਲਾ 'ਚ ਖਾਸਾ ਨਾਮ ਕਮਾ ਰਿਹਾ ਹੈ।

ਉਨ੍ਹਾਂ ਦੇ ਯੋਗਦਾਨ ਲਈ ਉਨ੍ਹਾਂ ਨੂੰ ਕਈ ਪ੍ਰਸਿੱਧ ਸਨਮਾਨਾਂ ਨਾਲ ਨਿਵਾਜਿਆ ਗਿਆ, ਜਿਵੇਂ ਬੇਸਟ ਕਮੇਡੀਅਨ ਅਵਾਰਡ ਅਤੇ ਹੋਰ ਕਈ ਸੱਭਿਆਚਾਰਕ ਸਨਮਾਨ। ਇਹ ਸਾਰੇ ਇਨਾਮ ਉਨ੍ਹਾਂ ਦੀ ਮਿਹਨਤ ਅਤੇ ਕਲਾ ਪ੍ਰਤੀ ਸਮਰਪਣ ਦਾ ਪ੍ਰਤੀਕ ਹਨ।

ਪਿਛਲੇ ਸਾਲ 2025 ਵਿੱਚ 22 ਅਗਸਤ ਨੂੰ ਬ੍ਰੇਨ ਸਟ੍ਰੋਕ ਕਾਰਨ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇਹ ਖ਼ਬਰ ਪੰਜਾਬੀ ਮਨੋਰੰਜਨ ਜਗਤ ਲਈ ਇੱਕ ਵੱਡਾ ਝਟਕਾ ਸੀ। ਪਰ ਕਲਾਕਾਰ ਕਦੇ ਮਰਦੇ ਨਹੀਂ ਹੁੰਦੇ — ਉਹ ਆਪਣੀ ਕਲਾ ਰਾਹੀਂ ਸਦਾ ਜਿਉਂਦੇ ਰਹਿੰਦੇ ਹਨ। ਜਸਵਿੰਦਰ ਭੱਲਾ ਵੀ ਆਪਣੇ ਹਾਸਿਆਂ, ਡਾਇਲਾਗਾਂ ਅਤੇ ਕਿਰਦਾਰਾਂ ਰਾਹੀਂ ਹਮੇਸ਼ਾ ਸਾਡੇ ਨਾਲ ਰਹਿਣਗੇ।

ਅੱਜ, ਉਨ੍ਹਾਂ ਦੇ ਜਨਮ ਦਿਨ ਮੌਕੇ, ਸਾਨੂੰ ਸਿਰਫ਼ ਉਨ੍ਹਾਂ ਨੂੰ ਯਾਦ ਕਰਨ ਦੀ ਨਹੀਂ, ਸਗੋਂ ਉਨ੍ਹਾਂ ਦੀ ਵਿਰਾਸਤ ਨੂੰ ਅੱਗੇ ਵਧਾਉਣ ਦੀ ਲੋੜ ਹੈ। ਉਹ ਸਾਨੂੰ ਇਹ ਸਿੱਖ ਦੇ ਕੇ ਗਏ ਹਨ ਕਿ ਹਾਸਾ ਸਿਰਫ਼ ਹੱਸਣ ਲਈ ਨਹੀਂ ਹੁੰਦਾ, ਬਲਕਿ ਜੀਵਨ ਦੀਆਂ ਮੁਸ਼ਕਲਾਂ ਨਾਲ ਲੜਨ ਦਾ ਹੌਸਲਾ ਵੀ ਦਿੰਦਾ ਹੈ। ਉਹ ਸੱਚਮੁੱਚ ਹਾਸਿਆਂ ਦੇ ਵਣਜਾਰੇ ਸਨ, ਜਿਨ੍ਹਾਂ ਨੇ ਆਪਣੀ ਕਲਾ ਨਾਲ ਨਾ ਸਿਰਫ਼ ਪੰਜਾਬੀ ਸਿਨੇਮਾ ਨੂੰ ਨਵੀਂ ਪਛਾਣ ਦਿੱਤੀ, ਸਗੋਂ ਸਮਾਜ ਨੂੰ ਵੀ ਇੱਕ ਨਵੀਂ ਸੋਚ ਦਿੱਤੀ।



**ਬਲਦੇਵ ਸਿੰਘ ਬੇਦੀ**
**ਜਲੰਧਰ**

# THOUSANDS CELEBRATE LEICESTER NAGAR KIRTAN 2026

## Sikh Community is a Symbol of Peace who made many sacrifices in World Wars – High Sheriff of Leicestershire Mel Thomas QPM
















**SAMAJ WEEKLY UK**

Leicester- Thousands of members of the Sikh community from Leicester, Leicestershire and the surrounding cities converged to the multi-cultural city of Leicester's annual religious procession, Nagar Kirtan, which is now in its 40th year on Sunday 26th April. On a beautiful sunny spring day the procession began from Guru Nanak Gurdwara, 9 Holy Bones, Leicester at 11.30 am after the Sikh Ardas and prayers for world peace.. Leicester was one of the first cities in the UK when the Sikh religious processions began in 1986. In the early religious processions in Leicester, it began from Guru Nanak Gurdwara and finished at the De Montfort Hall and included Fun Fair in Victoria Park.

The lorry in which the Sikh scripture Sri Guru Granth Sahib Ji was being carried was decorated with fresh flowers. The Nagar Kirtan was led by the Panj Pyare, the five beloved. Gatka, Sikh martial art was displayed through the Nagar Kirtan. Leicestershire Police provided security and Leicester City Council assisted with road closures as needed.

The route for the Nagar Kirtan was Great Central Street, Vaughan Way, St. Nicholas Circle, High Street, Humberstone Gate, Charles Street, Sparkenhoe Street, St. Peters Road, East Park Road, Blankyn Avenue, Nottingham Street, Leicester Street and Roseberry Street which reached Guru Tegh Bahadur Gurdwara at about 2.45 pm.

Baptised ceremony, Amrit Sanchar took place at Guru Nanak Gurdwara on Saturday 25th April in the Upstairs Diwan Hall. The Panj Pyare designated by the Tenth Guru, Guru Gobind Singh Ji at Shri Anandpur Sahib, Punjab on Khalsa Sajna Divas / Vaisakhi in 1699 at a gathering of over 80000 were Bhai Daya Singh Ji, Bhai Dharam Singh Ji, Bhai Himmat Singh Ji, Bhai Mohkam Singh Ji and Bhai Sahib Singh Ji.

The Tenth Guru Ji established the cities of Shri Paunta Sahib on the shore of river Yamuna in 1684, Mukatsar Guru Kashi Damdama Sahib in 1706. Guru Ji wrote the Jaap, Akaal Ustuti, Chaupai , Bachitar Natak, Sawaye, Shabad Hajare and Zafarnama. Guru Gobind Singh Ji sacrificed his parents Shri Guru Tegh Bahadur ji and Mata Gujri Ji and his four sons Baba Ajit Singh Ji, Baba Jujhar Singh Ji, Baba Zorawar Singh Ji, Baba Fateh Singh Ji for the Sikh religion.

Kirtan Darbar took place at the Guru Tegh Bahadur Gurdwara's main diwan hall in which Kirtan Jatha, Kathawachik, Dhadi Jatha and Panthik speakers informed the Sadh Sangat about Khalsa Sajna Divas and Sikh History. The Panj Pyare, Nishaan Singhs, Five Management Committee members of Guru Nanak Gurdwara were all presented with a SAROPA , Garland of Honour.

President of the Guru Tegh Bahadur Gurdwara Gurnam Singh praised the efforts of Guru Nanak Gurdwara and all the sewadars / volunteers who made the Nagar Kirtan safe and successful. He also congratulated all the Sadh Sangat on the Khalsa Sajna Divas / Vaisakhi.

President of Guru Nanak Gurdwara Ajmer Singh Basra, speaking from the stage of the Gurdwara congratulated everyone on the Khalsa Sajna Divas/Vaisakhi and Leicester's 40th Nagar Kirtan. He thanked the Management Committee of Guru Amar Das Gurdwara for their Sewa at Mann Motors where the Nagar Kirtan briefly stops for refreshments etc. Basra Ji pointed out that despite the Sikh Community paying over £60000 to the Police and Councils they want to stop the Nagar Kirtan. Police and Council workers will be taking photographs and notes of all the things that have gone wrong regarding safety and other issues, and they will be telling all these things at the next meeting in a month's time.

Our sangat need to listen to the sewadars/volunteers as say out of 10000 Sadh sangat nearly 3000 walks in front of the main lorry. We are taxpayers and deserve more help from authorities. Previously when Nagar Kirtans started Leicester City Council, Leicestershire County Council both used to give grants for Nagar Kirtans. Grants are given to the Diwali Lights on Melton Road and the Xmas lights in the city centre.

Furthermore, Ajmer Singh Ji said that members of the Sikh Community who have become Councillors have not done much for their communities certainly not as much as Councillors of the other communities who have done a lot for their communities. No literature about the Khalsa Sajna Divas/ Vaisakhi or Sikh religion was given to those watching the Nagar Kirtan. This was particularly needed in the city centre where many different communities watched the Nagar Kirtan.

At this time there were about 200 members of the Sangat in the main diwan hall and in the Nottingham Street car park there were over 2000. It appears Sangat has lost all interest in what management Committees are saying from the stage. About 10-15 years ago main diwan hall, hall number one and two all used to be full, Guru ka Langar used to be served in the Guru Tegh Bahadur Gurdwara Sahib. At this time TV screens in the langar halls showed what was being said from the stage so that Sadh sangat learnt more about Sikh history and the Khalsa Sajna Divas/Vaisakhi. One of the special guests at the Nagar Kirtan High Sherrif of Leicestershire Meldin Thomas QPM, a retired Leicestershire police officer who received the Queen's Police Medal in 2021. This role has over 1000 years of history. The High Sheriff of Leicestershire said "I am very happy to be invited to the Nagar Kirtan. Despite living in Leicester for 50 years it was my first Nagar Kirtan, it was a fantastic and amazing day. It gave me the chance to go to the East Park Road Gurdwara, an area where my and most people who have settled in Leicester came to live first. The prayers at the beginning were very peaceful and humbling. It was great to see the Sikh community come together. Sikh community is a symbol of peace who made many sacrifices in World Wars." Bhai Balinder Singh Ji sewadar for decades of Khalsa Aid- an international NGO with the aim to provide humanitarian aid in disaster areas around the world, thanked each and everyone of Nagar Kirtan's Guru Di Piari Sadh Sangat Ji for their kind donations

Food and other stalls were provided in the Nottingham Street car park near the Guru Tegh Bahadur Gurdwara.

**TARLOCHAN SINGH VIRK**
**CO-ORDINATOR**
**PUNJABI LISTENERS CLUB**
**LEICESTER**

**(conti new photo page 19)**

# THOUSANDS CELEBRATE LEICESTER NAGAR KIRTAN 2026









# Ambedkar Birth Celebrated as Equality Day at Bedford Arun Kumar



































**THE ASIAN INDEPENDENT UK**

Bedford- On the commemoration of Dr Ambedkar's 135 birth anniversary, an event was organised on 26 April 2026 by the Ambedkar Mission Society, Bedford (AMS) supported by Guru Ravidass Dass Sabha (SGRS), Bhagwan Valmik Sabha (BVS) and Sant Nirankari Mission, Bedford. A number of community leaders, councillors and Bedford member of parliament were in attendance.

The event began with paying tribute to late Dhanpat Rattu, one of the founder members of AMS by observing two minutes silence. He passed away in November, 2025. Ram Pal Rahi, President of AMS, Arun Kumar, General Secretary and Santosh Dass MBE, President of Anti-Caste Discrimination UK (ACDA), former President of the Federation of Ambedkarite and Buddhist Organisations, UK (FABO UK) paid tribute to two stalwarts of Ambedkar mission in Bedford, late Dhanpat Rattu and Hukam Chand Mehami recognising their profound contribution to the movement in Bedford and beyond.

In his opening remarks, Ram pal Rahi, expressed his happiness and pride that Bedford is the only town in the UK where all communities come together and pay respect to Babasaheb for the last several years. It reflects that people are beginning to understand and acknowledge his contribution to the society.

Speaking on the equality day, Arun Kumar said that Bedford has become the second town in the UK to declare 14 April, the birth of Dr Ambedkar as equality day. Dr Ambedkar's legacy of equality and justice is no more limited to one region or country but its significance is global. He felt disappointed as he was expecting from the Bedford Borough Council that the equality day would be observed again this year but it didn't happen. He hoped that the Councillors would make a note of it and do something in the future.

Highlighting Bedford's pivotal role, Santosh Dass described the local mission as a vibrant hub of activism, bringing together Ambedkarite, Ravidassia, Valmikis communities in a shared call to outlaw caste discrimination and raising awareness of the life and work of Dr Ambedkar. Reflecting on the intellectual legacy of Dr Ambedkar, Santosh spoke about the richness and enduring relevance of his seminal 1936 text 'Annihilation of Caste'. She stressed the importance of engaging deeply with his writings, as well as understanding the wide-ranging social, economic, and judicial reforms he championed. She concluded with a powerful call to action: "our movement cannot become a worship of ashes. It must be the preservation of the fire lit by Dr Ambedkar. So don't stand silent-roar against caste discrimination. Roar against misogyny, Roar against patriarchy. And let that roar be loud enough that no one, anywhere, can ignore it."

Talking on the legacy of **continew page 21...**

# Ambedkar Birth Celebrated as Equality Day at Bedford Arun Kumar

coAmbedkar, Mohammad Yesin MP said that Ambedkar was a champion for equality, social justice, and human rights. His work challenged inequality in all forms and continue to inspire movements for fairness and inclusion around the world. His vision of a fair and inclusive society remains as relevant today as ever. He further added that he is committed to outlawing caste discrimination and had supported and spoke in the parliament many times to include caste in the Equality Act 2010. He assured that he would continue to support. He also stated that the government is reviewing the Equality Act 2010 and want to bring some changes.

In his speech, Councillor Henry Van said that he was happy to attend this very significant day. Last year, his party, the Liberal Democrats supported the motion to declare 14 April as a day of equality. That day has gone in his diary and he would make sure that Equality Day is observed every year. As a teacher of British history, he is very much interested in Dr Ambedkar and his works especially 'Annihilation of Caste'.

Councillor Fauzia Zamir who was one of the champions to move the motion in regard to equality day, spoke on the hard work put up by her team and declare 14 April as equality day. It is good that all communities in Bedford campaigned for this motion together and Bedford Borough Council had to listen to it. She advised community members especially the youngsters to participate in electoral politics.

Councillor Harish Thapar emphasised on Dalit children education. Children from Dalit communities are lagging behind as they are unable to pay fees in private schools. It would be quite helpful if these children are adopted and their education is funded.

Rohin Kalyan and Anu Sahota, both university students, visited Ambedkar Museum last year and were impressed by the life and work of Dr Ambedkar. Rohin mentioned that he was learning more about him. Anu stated that it is vital that youngsters are aware of Dr Ambedkar's struggle against caste discrimination. His message of 'educate, organise and agitate' is the guiding force for the empowerment of the marginalised. She would try to impart this message to youngsters.

Devinder Chander, General Secretary of Dr Ambedkar Buddhist Association, Birmingham and Chief Editor of Samaj Weekly and The Asian Independent, said that equality is not possible without economic and social equality. Today India is being ruled by capitalism and Brahminism, the enemies of equality. Without the annihilation of Brahminism, social equality cannot be achieved.

Jaswinder Kumar, President SGRS, raised his concern about not observing the Equality Day by the Bedford Borough Council. He advised everyone that during the election for Mayor and councillors, a commitment from the candidates to observe equality day every year should be taken. He also wanted that the Council should issue a proclamation on equality day as the Coventry city Council has done.

The event concluded with the vote of thanks from the President, Ram Pal Rahi. In his powerful address, he urged for support to the Bodhgaya Liberation movement to free Bodhgaya temple from the clutches of Hindus. The monks are on agitation for the last two years. He also appealed to the audience for financial help to the Ambedkar Mission Society towards the property AMS has just bought.

Giani Balvir Singh, Harbans Singh, Sucha Bangar and Santosh Nahar entertained the audience with their melodious voice.

Dr N. Sirinivasan, Des Raj Mehmi, Cllr Mohammad Nawaz, Tarlok Gharu, President, BVS, Councillor Ben Folly, Gurdevinder Kumar and Charanjit Chumber also attended and spoke.

Satpal Paul and family provided the refreshments.

# ਚੀਸਾਂ

ਅੱਜ ਸਵੇਰੇ ਸਵੇਰੇ ਰਸੋਈ ਵਿੱਚ ਰੋਟੀ ਵਾਲ਼ਾ ਡੱਬਾ ਖੋਲ੍ਹ ਕੇ ਵੇਖਣ ਲੱਗੀ ਤਾਂ ਦੇਖਿਆ ਕਿ ਰਾਤ ਦੀਆਂ ਰੋਟੀਆਂ ਦਾ ਥੱਬਾ ਬਚਿਆ ਪਿਆ ਸੀ। ਕੁਝ ਕੁ ਰੋਟੀਆਂ ਇੱਕ ਦਿਨ ਪਹਿਲਾਂ ਦੀਆਂ ਵੀ ਬਚੀਆਂ ਹੋਈਆਂ ਸਨ ਜੋ ਮੈਂ ਰਾਤ ਨੂੰ ਇੱਕ ਪਲਾਸਟਿਕ ਦੇ ਡੱਬੇ ਵਿੱਚ ਪਾ ਕੇ ਫਰਿੱਜ ਵਿੱਚ ਰੱਖੀਆਂ ਹੋਈਆਂ ਸਨ। ਮੈਂ ਉਹ ਵੀ ਬਾਹਰ ਕੱਢੀਆਂ ਤਾਂ ਕੁੱਲ ਮਿਲਾ ਕੇ ਵੀਹ ਕੁ ਰੋਟੀਆਂ ਸਨ। ਰੋਟੀ ਘੱਟ ਖਾਣ ਪਿੱਛੇ ਅਤੇ ਖਾਣਾ ਬਣਾਉਣ ਵਾਲ਼ੀ ਤੋਂ ਜ਼ਿਆਦਾ ਰੋਟੀਆਂ ਬਣਾਉਣ ਪਿੱਛੇ ਮੇਰੀ ਤੇ ਮੇਰੇ ਪਤੀ ਦੀ ਹਲਕੀ ਫੁਲਕੀ ਤਕਰਾਰ ਹੋਈ। ਇਸੇ ਤਕਰਾਰ ਦੌਰਾਨ ਮੈਂ ਤਿੰਨ ਚਾਰ ਰੋਟੀਆਂ ਬਾਹਰਲੇ ਕੁੱਤਿਆਂ ਨੂੰ ਦੇਣ ਲਈ ਫਿਰ ਪਲਾਸਟਿਕ ਦੇ ਡੱਬੇ ਵਿੱਚ ਪਾ ਕੇ ਰੱਖ ਦਿੱਤੀਆਂ ਤੇ ਬਾਕੀ ਰੋਟੀਆਂ ਨੂੰ ਲੈ ਕੇ ਬੁੜ ਬੁੜ ਕਰਦੀ ਹੋਈ ਗੇਟ ਵੱਲ ਨੂੰ ਚੱਲ ਪਈ ਤਾਂ ਜੋ ਕੋਈ ਅਵਾਰਾ ਪਸ਼ੂ ਦਿਖੇ ਤਾਂ ਉਸ ਨੂੰ ਖਵਾ ਆਵਾਂ।

ਜਿਵੇਂ ਹੀ ਮੈਂ ਗੇਟ ਖੋਲ੍ਹਿਆ ਤੇ ਐਧਰ ਓਧਰ ਵੇਖਿਆ ਤਾਂ ਚਾਰ ਕੁ ਘਰ ਪਿੱਛੇ ਇੱਕ ਸਾਂਢ ਤੁਰਿਆ ਤੁਰਿਆ ਆਉਂਦਾ ਇੱਕ ਦਰਖ਼ਤ ਹੇਠਾ ਖੜ੍ਹਾ ਹੋ ਗਿਆ ਤੇ ਰੇਤੇ ਵਿੱਚ ਕਦੇ ਮੂੰਹ ਤੇ ਕਦੇ ਲੱਤ ਮਾਰ ਕੇ ਰੇਤਾ ਇੱਧਰ ਉੱਧਰ ਕਰਨ ਲੱਗਿਆ। ਸ਼ਾਇਦ ਉਹ ਉਸ ਜਗ੍ਹਾ ਤੇ ਬੈਠਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਿਲਕੁਲ ਉਸ ਦੇ ਸਾਹਮਣੇ ਘਰ ਵਾਲਿਆਂ ਦਾ ਮੁੰਡਾ ਆਪਣੇ ਚੁਬਾਰੇ ਵਿੱਚ ਖੜ੍ਹਾ ਪਾਣੀ ਦਾ ਮੱਗ ਭਰ ਕੇ ਉਸ ਉੱਤੇ ਪਾਉਣ ਲੱਗਿਆ ਤਾਂ ਜੋ ਉਹ ਕਿਤੇ ਉੱਥੇ ਦਰਖ਼ਤ ਹੇਠਾਂ ਬੈਠ ਨਾ ਜਾਵੇ। ਮੈਂ ਹੱਥ ਵਿੱਚ ਰੋਟੀਆਂ ਫੜੀ ਉਸ ਦਾ ਇੰਤਜ਼ਾਰ ਕਰ ਰਹੀ ਸੀ ਤੇ ਨਾਲ਼ੇ ਇਹ ਸਾਰਾ ਨਜ਼ਾਰਾ ਵੇਖ ਰਹੀ ਸੀ। ਜਦ ਚੁਬਾਰੇ ਵਾਲ਼ੇ ਮੁੰਡੇ ਨੇ ਲਗਾਤਾਰ ਚਾਰ ਪੰਜ ਮੱਗ ਪਾਣੀ ਦੇ ਉਸ ਉੱਤੇ ਪਾਏ ਤਾਂ ਉਹ ਹੌਲ਼ੀ ਹੌਲ਼ੀ ਲੰਗ ਮਾਰਦਾ ਹੋਇਆ ਲੜਖੜਾਉਂਦਾ ਹੋਇਆ ਮੇਰੇ ਘਰ ਵੱਲ ਨੂੰ ਅੱਗੇ ਨੂੰ ਵਧਣ ਲੱਗਿਆ। ਮੇਰੇ ਹੱਥ ਵਿੱਚ ਰੋਟੀਆਂ ਫੜੀਆਂ ਵੇਖ ਕੇ ਉਹ ਸਿੱਧਾ ਚੱਲਦਾ ਚੱਲਦਾ ਮੇਰੇ ਵੱਲ ਨੂੰ ਆਉਣ ਲੱਗਿਆ। ਉਸ ਤੋਂ ਬਹੁਤ ਮੁਸ਼ਕਲ ਨਾਲ਼ ਤੁਰਿਆ ਜਾ ਰਿਹਾ ਸੀ, ਤੁਰਦਾ ਤੁਰਦਾ,ਨਾਲ਼ ਹੀ ਉਹ ਹੌਲ਼ੀ ਜਿਹੀ ਦਰਦ ਭਰੀ ਅਵਾਜ਼ ਵਿੱਚ ਰਿੰਗ ਵੀ ਰਿਹਾ ਸੀ। ਜਦ ਉਸ ਨੇ ਮੇਰੇ ਗੇਟ ਵਿੱਚ ਆ ਕੇ ਮੇਰੇ ਹੱਥ ਵਿੱਚੋਂ ਰੋਟੀਆਂ ਫੜ ਕੇ ਖਾਧੀਆਂ ਤਾਂ ਉਸ ਦਾ ਵੱਡਾ ਸਾਰਾ ਦਿਓ ਵਰਗਾ ਸਰੀਰ ਵੇਖ ਕੇ ਮੇਰਾ ਹਿਰਦਾ ਵਲੂੰਧਰਿਆ ਗਿਆ।



ਸਾਂਢ ਦੇ ਇਸ ਵੱਡੇ ਸਾਰੇ ਭਾਰੀ ਜੁੱਸੇ ਨੂੰ ਮੋਟੀ ਡਾਂਗ ਦੀ ਕੁੱਟ ਦੇ ਨਿਸ਼ਾਨਾਂ ਦੀਆਂ ਲਾਸ਼ਾਂ ਨਾਲ ਵਿੰਨ੍ਹਿਆ ਪਿਆ ਸੀ। ਉਸ ਦੀਆਂ ਮੂਹਰਲੀਆਂ ਦੋਵੇਂ ਲੱਤਾਂ ਵੀ ਕੁੱਟ ਕੁੱਟ ਕੇ ਜ਼ਖ਼ਮੀ ਕੀਤੀਆਂ ਹੋਈਆਂ ਸਨ। ਉਸ ਦੀਆਂ ਲੱਤਾਂ ਆਪਣੇ ਸਰੀਰ ਦਾ ਭਾਰ ਖਿੱਚਣ ਵਿੱਚ ਅਸਮਰਥ ਸਨ ਇਸੇ ਲਈ ਹੀ ਉਹ ਜਦ ਇੱਕ ਪੁਲਾਂਘ ਪੁੱਟਦਾ ਤਾਂ ਉਹ ਕੁਰਲਾਉਂਦਾ ਸੀ। ਮੈਂ ਉਸ ਦੀ ਹਾਲਤ ਦੇਖ ਕੇ ਸੋਚ ਰਹੀ ਸੀ ਕਿ ਉਹ ਇਨਸਾਨ ਕਿੰਨਾ ਬੇਦਰਦ ਹੋਵੇਗਾ ,ਜਿਸ ਕਿਸੇ ਨੇ ਵੀ ਉਸ ਨੂੰ ਕੁੱਟਿਆ ਹੋਵੇਗਾ । ਉਸ ਅੰਦਰਲੀ ਮਾਨਸਿਕਤਾ ਤੇ ਇਨਸਾਨੀਅਤ ਕਿੰਨੀ ਡਿੱਗੀ ਹੋਈ ਹੋਵੇਗੀ । ਉਹ ਇਨਸਾਨ ਇਸ ਧਰਤੀ ਉੱਤੇ ਇੱਕ ਹੈਵਾਨ ਤੋਂ ਘੱਟ ਨਹੀਂ ਹੋਵੇਗਾ । ਉਸ ਤੋਂ ਬਾਅਦ ਜਦ ਉਹ ਦਰਦ ਨਾਲ ਕੁਰਲਾਉਂਦਾ ਹੋਇਆ ਜਿੱਥੇ ਬੈਠਣਾ ਚਾਹੁੰਦਾ ਸੀ ਉਸ ਨੂੰ ਇਨਸਾਨ ਬੈਠਣ ਵੀ ਨਹੀਂ ਦੇ ਰਿਹਾ। ਚਾਹੇ ਉਸ ਭੁੱਖੇ ਸਾਂਢ ਨੇ ਮੇਰੇ ਤੋਂ ਲੈਕੇ ਦਸ ਬਾਰਾਂ ਰੋਟੀਆਂ ਖਾ ਕੇ ਘਰ ਅੱਗੇ ਰੱਖੇ ਪਾਣੀ ਦੇ ਭਾਂਡੇ ਵਿੱਚੋਂ ਪਾਣੀ ਪੀ ਲਿਆ ਸੀ ਜਿਸ ਨੂੰ ਵੇਖ ਕੇ ਮੇਰੇ ਮਨ ਨੂੰ ਥੋੜ੍ਹੀ ਤਸੱਲੀ ਹੋਈ ਸੀ। ਫਿਰ ਉਹ ਦਰਦ ਨਾਲ ਰਿੰਗਦਾ ਕਰਲਾਉਂਦਾ ਹੋਇਆ ਹੌਲ਼ੀ ਹੌਲ਼ੀ ਅੱਗੇ ਨੂੰ ਵਧਦਾ ਜਾ ਰਿਹਾ ਸੀ ਤਾਂ ਮੈਂ ਸੋਚ ਰਹੀ ਸੀ ਕਿ ਪਤਾ ਨਹੀਂ ਕਿੰਨਾ ਹੋਰ ਸਫ਼ਰ ਤੈਅ ਕਰਕੇ ਉਸ ਨੂੰ ਇਸ ਬੇਦਰਦ ਦੁਨੀਆਂ ਵਿੱਚ ਬੈਠ ਕੇ ਅਰਾਮ ਕਰਨ ਨੂੰ ਜ਼ਮੀਨ ਦਾ ਟੁਕੜਾ ਨਸੀਬ ਹੋਣਾ ਸੀ ਜਾਂ ਕਿੰਨੇ ਹੋਰ ਲੋਕਾਂ ਤੋਂ ਸੋਟੀਆਂ ਦੀ ਮਾਰ ਖਾਣੀ ਪੈਣੀ ਸੀ। ਜਿਵੇਂ ਜਿਵੇਂ ਉਹ ਦੂਰ ਹੋ ਰਿਹਾ ਸੀ,ਉਸ ਦੀਆਂ ਦਰਦ ਭਰੀਆਂ ਅਵਾਜ਼ਾਂ ਚਾਹੇ ਮੱਧਮ ਹੋ ਰਹੀਆਂ ਸਨ ਪਰ ਉਸ ਦੇ ਪਿੰਡੇ ਤੇ ਪਈਆਂ ਲਾਸ਼ਾਂ ਅਤੇ ਭੰਨੇ ਹੋਏ ਗੋਡੇ ਗਿੱਟਿਆਂ ਦੀਆਂ ਚੀਸਾਂ ਮੇਰੇ ਮਨ ਨੂੰ ਪਲ ਪਲ ਤੜਫਾ ਰਹੀਆਂ ਸਨ ।



ਬਰਜਿੰਦਰ ਕੌਰ ਬਿਸਰਾਓ...
9988901324

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**